ੴ

# ॥ ਜਪੁ ॥

# ਸਟੀਕ

## (ਕਵਿਤਾ ਵਿਚ)

ਲੇਖਕ

**ਬਲਜੀਤ ਸਿੰਘ**

ਆਈ. ਪੀ. ਐਸ. (ਰਿਟਾ.)

ੴ

# ॥ ਜਪੁ ॥

# ਸਟੀਕ

## (ਕਵਿਤਾ ਵਿਚ)

ਲੇਖਕ

**ਬਲਜੀਤ ਸਿੰਘ**

ਆਈ. ਪੀ. ਐਸ. (ਰਿਟਾ.)



**ਸ. ਬਲਜੀਤ ਸਿੰਘ ਜੀ** ਆਈ. ਪੀ. ਐਸ. (ਰਿਟਾ.)
(11-03-1937 ਤੋਂ 26-03-2006)

*ਪ੍ਰਕਾਸ਼ਕ :-*


ਗੁਰਿ ਸੰਗਤਿ

ਰਾਹੀਂ **ਬਲਜੀਤ ਸਿੰਘ**

**੧ਓ ਸਤਿਸੰਗ**

1119, ਫੇਜ਼-1, ਅਰਬਨ ਅਸਟੇਟ, ਜਲੰਧਰ-144022

E-mail : ikoankarsatsang@rediffmail.com

Website : www.ikoankarsatsang.com


| | | |
|---|---|---|
| **ਮੁੱਲ** | **:** | **"ਵੀਚਾਰ"** |
| **ਮੰਤਵ** | **:** | **"ਪ੍ਰਚਾਰ"** |

ਪ੍ਰਭੂ ਰੂਪ ਗੁਰਮੁਖਿ ਪਿਆਰੇ ਡਾ: ਕਰਤਾਰ ਸਿੰਘ
ਜੀ ਦੀ ਪਿਆਰ ਭਰੀ ਯਾਦ ਨੂੰ ਸਮਰਪਤ,
ਜਿਨ੍ਹਾਂ ਨੇ ਦਾਸ ਨੂੰ ਨਾਮ ਬਾਣੀ ਵਲ ਮੋੜਿਆ।

ੴ ਸਤਿਨਾਮੁ ਕਰਤਾ ਪੁਰਖੁ
ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰਪ੍ਰਸਾਦਿ ॥

ਰਬ ਜੀ ਇਕ ਹੈ, ਸਦਾ ਸਦਾ ਹੈ,
ਸਭ ਕੁਛ ਕਰਦਾ ਆਪੇ॥

ਸਾਰੇ ਸਮਾਇਆ, ਡਰਦਾ ਕਦੇ ਨਹੀ,
ਵੈਰ ਨਾ ਕਿਸੇ ਨਾਲ ਥਾਪੇ॥
ਅਮਰ ਹਸਤੀ, ਜੂਨੀ ਨਹੀਂ ਜੰਮਦਾ,
ਆਪਣੇ ਆਪ ਤੋਂ ਆਪੇ॥
ਐਸਾ ਰੱਬ ਜੀ, ਲਭਿਆਂ ਨਹੀਂ ਲਭਦਾ,
ਗੁਰ ਕ੍ਰਿਪਾ ਤੇ ਜਾਪੇ॥

## ॥ ਜਪੁ ॥

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

॥ ਜਪੁ ॥
ਰਚਨਾ ਰਚਾਉਣ ਤੋਂ ਪਹਿਲਾਂ ਸਚੁ,
ਰਚਨਾ ਰਚਾਵਣ ਵੇਲੇ ਸਚੁ॥
ਹੁਣ ਵੀ ਹੈ ਸਚੁ ਅਤੇ ਨਾਨਕ ਹੋਵੇਗਾ
ਅਗੇ ਨੂੰ ਸਚੁ॥1॥

ਸੋਚੈ ਸੋਚਿ ਨ ਹੋਵਈ
ਜੇ ਸੋਚੀ ਲਖ ਵਾਰ ॥
ਚੁਪੈ ਚੁਪ ਨ ਹੋਵਈ
ਜੇ ਲਾਇ ਰਹਾ ਲਿਵ ਤਾਰ ॥
ਭੁਖਿਆ ਭੁਖ ਨ ਉਤਰੀ
ਜੇ ਬੰਨਾ ਪੁਰੀਆ ਭਾਰ ॥
ਸਹਸ ਸਿਆਣਪਾ ਲਖ ਹੋਹਿ
ਤ ਇਕ ਨ ਚਲੈ ਨਾਲਿ ॥
ਕਿਵ ਸਚਿਆਰਾ ਹੋਈਐ
ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ
ਨਾਨਕ ਲਿਖਿਆ ਨਾਲਿ ॥੧॥

ਸਰੀਰ ਧੋਤਿਆਂ ਮਨ ਨ ਨਿਰਮਲ,
ਇਸ਼ਨਾਨ ਕਰੇ ਜੇ ਲਖਾਂ ਵਾਰ॥
ਚੁਪ ਕੀਤਿਆਂ ਸੋਚ ਨਹੀਂ ਰੁਕਦੀ,
ਜੇ ਕੋਈ ਚੁਪ ਰਹੈ ਇਕ ਤਾਰ॥
ਭੁਖੇ ਮਨ ਦੀ ਭੁਖ ਨ ਮਿਟਦੀ,
ਸਭ ਪੁਰੀਆਂ ਦੇ ਬੰਨੇ ।ਭਾਰ॥

ਲਖਾਂ ਅਕਲਾਂ ਸਮਝਿ ਕਮਾਵੇ,
ਓੜਕਿ ਇਕ ਨਾ ਚਲੇ ਨਾਲ॥
ਕਿਸ ਤਰਾਂ ਇਹ ਮਨ ਨਿਰਮਲ ਹੋਵੇ,
ਕਿਵੇਂ ਕੂੜ ਦੀ ਟੁਟੇ [2]ਪਾਲਿ॥
ਰਜ਼ਾ ਵਾਲੇ ਦੇ ਹੁਕਮ ਚ ਤੁਰਿਆਂ,
ਨਾਨਕ ਲਿਖਿਆ ਮਨ ਦੇ ਨਾਲਿ॥1॥

1. ਸਭ ਪੁਰੀਆਂ ਵਸ ਕਰ ਲਵੇ, 2. ਕੰਧ-ਕੂੜ ਦੀ

ਹੁਕਮੀ ਹੋਵਨਿ ਆਕਾਰ
ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ
ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ
ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ
ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ
ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ
ਤ ਹਉਮੈ ਕਹੈ ਨ ਕੋਇ ॥ ੨ ॥

ਰੱਬ ਜੀ ਵਿਚੋਂ ਬਨਣ [3]ਸਰੂਪ,
ਉਸ ਦਾ ਹੁਕਮ ਕਹਿਆ ਨ ਜਾਵੇ॥
ਰੱਬ ਜੀ ਵਿਚੋਂ ਪ੍ਰਗਟ ਜੀਵ,
ਉਸ ਦੇ ਹੁਕਮ 'ਚ ਸੋਭਾ ਪਾਵੇ॥
ਰੱਬ ਬਨਾਉਂਦਾ ਉਚੇ ਨੀਵੇਂ,
ਹੁਕਮੁ ਲਿਖੇ ਤੇ ਦੁਖ ਸੁਖ ਪਾਈਏ॥
ਇਕਨਾ ਨੂੰ ਉਹ ਬਖਸ਼ਿ ਮਿਲਾਵੇ,
ਕਈ ਇਕ ਜੋ ਸਦਾ ਭਵਾਈਏ॥
ਸਭ ਕੁਛ ਉਸਦੇ ਹੁਕਮ 'ਚ ਹੁੰਦਾ,
ਬਾਹਰ ਹੁਕਮ ਤੋਂ ਰਹੇ ਨ ਕੋਈ॥
ਨਾਨਕ ਹੁਕਮ 'ਚ ਜੇ ਕਰ ਚਲੈ,
ਤਾਂ ਫਿਰ ਹਉਮੈਂ ਕਹੇ ਨ ਕੋਈ ॥2॥

3. ਆਕਾਰ, ਸ਼ਕਲਾਂ।

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥
ਗਾਵੈ ਕੋ ਦਾਤਿ ਜਾਣੈ ਨੀਸਾਣੁ ॥
ਗਾਵੈ ਕੋ ਗੁਣ ਵਡਿਆਈਆ ਚਾਰ ॥

ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥
ਗਾਵੈ ਕੋ ਸਾਜਿ ਕਰੇ ਤਨੁ ਖੇਹ ॥
ਗਾਵੈ ਕੋ ਜੀਅ ਲੈ ਫਿਰਿ ਦੇਹ ॥
ਗਾਵੈ ਕੋ ਜਾਪੈ ਦਿਸੈ ਦੂਰਿ ॥
ਗਾਵੈ ਕੋ ਵੇਖੈ ਹਾਦਰਾ ਹਦੂਰਿ ॥
ਕਥਨਾ ਕਥੀ ਨ ਆਵੈ ਤੋਟਿ ॥
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥
ਦੇਦਾ ਦੇ ਲੈਦੇ ਥਕਿ ਪਾਹਿ ॥
ਜੁਗਾ ਜੁਗੰਤਰਿ ਖਾਹੀ ਖਾਹਿ ॥
ਹੁਕਮੀ ਹੁਕਮੁ ਚਲਾਏ ਰਾਹੁ ॥
ਨਾਨਕ ਵਿਗਸੈ ਵੇਪਰਵਾਹੁ ॥ ੩ ॥

ਵੇਖ ਤੇਰਾ ਬਲ ਕੋਈ ਗਾਵੇ, ਕਿੰਨਾ ਬਲ ਹੈ ਵਾਹੁ ਵਾਹੁ ਵਾਹੁ॥
ਦਾਤਾਂ ਗਿਣ ਗਿਣ ਕੋਈ ਗਾਵੇ, ਵਡਾ ਦਾਤਾ ਬੇਪਰਵਾਹੁ॥
ਸੋਭਾ ਵੇਖ ਕੇ ਕੋਈ ਗਾਵੇ, ਕੀ ਵਡਿਆਈਆਂ ਵੇਖੋ ਵਾਹੁ॥
ਗਿਆਨ ਵੀਚਾਰ ਹੈ ਕੋਈ ਗਾਉਂਦਾ,
ਗਾਈ ਜਾਵੇ ਲਵੇ ਨਾ ਸਾਹ॥
ਕੋਈ ਗਾਵੇ ਤਨ ਸਾਜ ਕੇ, ਜਦ ਉਹ ਚਾਹੇ ਕਰੇ ਸਵਾਹ॥
ਕੋਈ ਗਾਵੇ ਜੀਅ ਲੈ ਲੈਂਦਾ, ਫਿਰ ਦੇਹੀ ਵਿਚ ਦੇਂਦਾ ਪਾ॥
ਕੋਈ ਗਾਵੈ ਪਰੇ ਤੋਂ ਪਰੇ ਹੈ, ਸਦਾ ਹੀ ਜਾਪੇ ਦੂਰੋ ਦੂਰ॥
ਕੋਈ ਗਾਵੇ ਅੰਗ ਸੰਗ ਹੈ, ਨੇੜੇ ਦਿਸਦਾ ਸਦਾ ਹਜੂਰਿ॥
ਕਹਿ ਕਹਿ ਤੇਰਾ ਅੰਤ ਨ ਪੈਂਦਾ, ਕਥਾ ਤੇਰੀ ਨ ਕਦੇ ਵੀ ਮੁਕੇ॥
ਕਰੋੜ ਕਥਾਵਾਂ ਕਰੋੜਾਂ ਕਥੀਆਂ,  ਕਰੋੜਾਂ ਵਾਰੀ ਕਹਿ ਕਹਿ ਹੁਟੇ॥
ਤੂੰ ਦਾਤਾ ਹੈਂ ਦੇਈ ਜਾਵੇਂ, ਲੈਣ ਵਾਲੇ ਥਕਿ ਮਰ ਜਾਂਦੇ ਨੇ॥
ਜੁਗਾਂ ਜੁਗਾਂ ਤੋਂ ਸਾਰੇ ਜੀਵ, ਤੇਰਾ ਦਿਤਾ ਹੀ ਖਾਂਦੇ ਨੇ॥
ਰੱਬ ਜੀ ਆਪਣੇ ਹੁਕਮ ਮੁਤਾਬਕ,
ਚਲਾ ਰਿਹਾ ਦੁਨੀਆਂ ਦਾ [4]ਰਾਹੁ॥
ਬੇਪਰਵਾਹ ਤੇ ਸਦਾ ਹੀ ਖਿੜਿਆ,
ਨਾਨਕ ਮਾਲਕ ਵਾਹੁ ਵਾਹੁ ਵਾਹੁ॥3॥

4. ਕਾਰਵਾਈ।

ਸਾਚਾ ਸਾਹਿਬੁ ਸਾਚੁ ਨਾਇ
ਭਾਖਿਆ ਭਾਉ ਅਪਾਰੁ ॥
ਆਖਹਿ ਮੰਗਹਿ ਦੇਹਿ ਦੇਹਿ
ਦਾਤਿ ਕਰੇ ਦਾਤਾਰੁ ॥
ਫੇਰਿ ਕਿ ਅਗੈ ਰਖੀਐ
ਜਿਤੁ ਦਿਸੈ ਦਰਬਾਰੁ ॥

ਮੁਹੌ ਕਿ ਬੋਲਣੁ ਬੋਲੀਐ

ਜਿਤੁ ਸੁਣਿ ਧਰੇ ਪਿਆਰੁ ॥

ਅੰਮ੍ਰਿਤ ਵੇਲਾ ਸਚੁ ਨਾਉ

ਵਡਿਆਈ ਵੀਚਾਰੁ ॥

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥

ਨਾਨਕ ਏਵੈ ਜਾਣੀਐ

ਸਭੁ ਆਪੇ ਸਚਿਆਰੁ ॥ ੪ ॥

ਸੱਚਾ ਸਾਹਿਬ ਸੱਚਾ ਨਾਮ,
ਸਾਰੇ ਕਹਿਣ ਰੁਚੀ ਅਨੁਸਾਰ॥
ਸਭ ਕੋਈ ਮੰਗੇ ਸਾਹਿਬ ਦੇਵੇ,
ਇਕੋ ਦਾਤਾ ਉਹ ਦਾਤਾਰ॥
ਸਾਰੀਆਂ ਦਾਤਾਂ ਓਸ ਦੀਆਂ ਹਨ,
ਕੀ ਦੇਈਏ ਦਿਸੇ ਦਰਬਾਰ॥
ਮੁਖ ਤੋ ਕਿਹੜੇ ਬੋਲ ਬੋਲੀਏ,
ਜੋ ਸੁਣ ਸਾਨੂੰ ਕਰੇ ਪਿਆਰ॥
ਅੰਮ੍ਰਿਤ ਵੇਲੇ ਸਚੇ ਨਾਮ ਦੀ,
ਸੋਭਾ ਦੀ ਮਨ ਕਰ ਵੀਚਾਰ॥
ਕਰਮਾਂ ਨਾਲ ਸਰੀਰ ਹੀ ਮਿਲਦਾ,
ਨਦਰਿ ਕਰੇ ਤਾਂ ਮੁਕਤਿ ਦਵਾਰ॥
ਇਸ ਤਰਾਂ ਨਾਨਕ ਜਾਣੀਦਾ ਹੈ,
ਮਾਲਕ ਆਪੇ ਹੀ ਸਚਿਆਰ॥4॥

ਥਾਪਿਆ ਨ ਜਾਇ

ਕੀਤਾ ਨ ਹੋਇ ॥

ਆਪੇ ਆਪਿ ਨਿਰੰਜਨੁ ਸੋਇ ॥

ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥

ਨਾਨਕ ਗਾਵੀਐ ਗੁਣੀ ਨਿਧਾਨੁ ॥

ਗਾਵੀਐ ਸੁਣੀਐ ਮਨਿ ਰਖੀਐ ਭਾਉ ॥

ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥

ਗੁਰਮੁਖਿ ਨਾਦੰ ਗੁਰਮੁਖਿ ਵੇਦੰ

ਗੁਰਮੁਖਿ ਰਹਿਆ ਸਮਾਈ ॥

ਗੁਰੁ ਈਸਰੁ ਗੁਰੁ ਗੋਰਖੁ ਬਰਮਾ

ਗੁਰੁ ਪਾਰਬਤੀ ਮਾਈ ॥
ਜੇ ਹਉ ਜਾਣਾ ਆਖਾ ਨਾਹੀ
ਕਹਣਾ ਕਥਨੁ ਨ ਜਾਈ॥
ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨ ਜਾਈ ॥ ੫ ॥

ਰੱਬ ਜੀ ਨੂੰ ਕੋਈ ਥਾਪ ਨਹੀਂ ਸਕਦਾ,
ਨਾ ਕੋਈ ਉਸ ਨੂੰ ਸਕੇ ਬਣਾ॥
ਮਾਇਆ ਤੋਂ ਨਿਰਲੇਪ ਪ੍ਰਭੂ ਹੈ,
ਆਪਣੇ ਆਪ ਤੋਂ ਆਪੇ ਆ॥
ਜੋ ਵੀ ਉਸਦੇ ਹੁਕਮ ਨੂੰ ਮੰਨੇ,
ਦਰਗਾਹ ਵਿਚ ਉਹ ਪਾਏ ਮਾਨ॥
ਹੇ ਨਾਨਕ ਉਸ ਦੇ ਗੁਣ ਗਾਓ,
ਜੋ ਸਾਹਿਬ ਹੈ [5]ਗੁਣੀ ਨਿਧਾਨ॥
ਗਾਉਣਾ ਸੁਨਣਾ ਢੰਗ ਮੁਤਾਬਕ,
ਮਨ ਵਿਚ ਰੱਬ ਲਈ ਰਖਿ ਪ੍ਰੀਤਿ॥
ਇਹ ਸਾਧਨ ਦੁਖ ਦੂਰ ਕਰੇਗਾ,
ਸਭ ਸੁਖ ਘਰ ਲੈ ਜਾਵੋ ਮੀਤ॥
ਗੁਰਬਾਣੀ ਹੀ [6]ਨਾਦ ਤੇ [7]ਵੇਦ,
ਗੁਰਬਾਣੀ ਵਿਚ ਪ੍ਰਭੂ ਸਮਾਇਆ॥
ਸ਼ਿਵ ਜੀ, ਬ੍ਰਹਮਾ, ਗੋਰਖ, ਰੱਬ ਜੀ,
ਰੱਬ ਜੀ ਹੀ ਹੈ, ਪਾਰਬਤੀ ਮਾਇਆ॥
ਜਾਣ ਲਵਾਂ ਤਾਂ ਕਹਿ ਨਹੀਂ ਸਕਦਾ,
ਕਥਣ ਵਿਚ ਉਹ ਕਦੇ ਨ ਆਇਆ॥
ਰੱਬ ਜੀ ਇਹ ਮੱਤ ਬਖਸ਼ੋ ਪਿਆਰੇ,
ਸਭ ਜੀਆਂ ਦਾ ਇਕ ਤੂੰ ਦਾਤਾ॥
ਤੂੰ ਨਾ ਮਨ ਤੋਂ ਕਦੇ ਵੀ ਵਿਸਰੇਂ,
ਸਦਾ ਰਹਉ ਤੇਰੇ ਸੰਗਿ ਰਾਤਾ॥5॥

5. ਗੁਣਾਂ ਦਾ ਭੰਡਾਰ, 6. ਆਵਾਜ਼, ਸ਼ਬਦ, 7. ਗਿਆਨ।

ਤੀਰਥਿ ਨਾਵਾ ਜੇ ਤਿਸੁ ਭਾਵਾ
ਵਿਣੁ ਭਾਣੇ ਕਿ ਨਾਇ ਕਰੀ ॥
ਜੇਤੀ ਸਿਰਠਿ ਉਪਾਈ ਵੇਖਾ
ਵਿਣੁ ਕਰਮਾ ਕਿ ਮਿਲੈ ਲਈ ॥

ਮਤਿ ਵਿਚਿ ਰਤਨ ਜਵਾਹਰ ਮਾਣਿਕ
ਜੇ ਇਕ ਗੁਰ ਕੀ ਸਿਖ ਸੁਣੀ ॥
ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨ ਜਾਈ ॥ ੬ ॥

ਤੀਰਥਾਂ ਤੇ ਜਾ ਤਾਂ ਮੈਂ ਨਹਾਵਾਂ,
ਜੇ ਨਹਾਤਿਆਂ ਮੈਂ ਰੱਬ ਨੂੰ ਭਾਵਾਂ॥
ਜਦ ਨਹਾਤਿਆਂ ਪਰਵਾਣ ਨਹੀਂ ਹੋਣਾ,
ਫਿਰ ਮੈਂ ਤੀਰਥਾਂ ਤੇ ਕਿਉਂ ਨਹਾਵਾਂ॥
ਰਚਨਾ ਵਿਚ ਪੈਦਾ ਜੀਵਾਂ ਨੂੰ,
ਬਿਨ ਭਾਗਾਂ ਕਿਛ ਹਥ ਨ ਆਵੇ॥
ਮੱਤ ਵਿਚ ਲਾਲ ਜਵਾਹਰ ਹੀਰੇ,
ਜੇ ਕੋਈ ਰੱਬ ਦਾ ਹੁਕਮ ਕਮਾਵੇ॥
ਰੱਬ ਜੀ ਇਹ ਮੱਤ ਬਖਸ਼ੋ ਪਿਆਰੇ,
ਸਭ ਜੀਆਂ ਦਾ ਇਕ ਤੂੰ ਦਾਤਾ॥
ਤੂੰ ਨਾ ਮਨ ਤੋਂ ਕਦੇ ਵੀ ਵਿਸਰੇਂ,
ਸਦਾ ਰਹਉ ਤੇਰੇ ਸੰਗਿ ਰਾਤਾ॥6॥

ਜੇ ਜੁਗ ਚਾਰੇ ਆਰਜਾ
ਹੋਰ ਦਸੂਣੀ ਹੋਇ ॥
ਨਵਾ ਖੰਡਾ ਵਿਚਿ ਜਾਣੀਐ
ਨਾਲਿ ਚਲੈ ਸਭੁ ਕੋਇ ॥
ਚੰਗਾ ਨਾਉ ਰਖਾਇ ਕੈ
ਜਸੁ ਕੀਰਤਿ ਜਗਿ ਲੇਇ ॥
ਜੇ ਤਿਸੁ ਨਦਰਿ ਨ ਆਵਈ
ਤ ਵਾਤ ਨ ਪੁਛੈ ਕੇ ॥
ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥
ਨਾਨਕ ਨਿਰਗੁਣਿ ਗੁਣੁ ਕਰੇ
ਗੁਣਵੰਤਿਆ ਗੁਣੁ ਦੇ ॥
ਤੇਹਾ ਕੋਇ ਨ ਸੁਝਈ
ਜਿ ਤਿਸੁ ਗੁਣੁ ਕੋਇ ਕਰੇ ॥੭॥

ਚਾਰ ਜੁਗਾਂ ਦੀ ਉਮਰ ਜੇ ਹੋਵੇ,
ਇਸ ਤੋਂ ਹੋਰ ਦਸੂਣੀ ਹੋਇ॥
ਸਭ ਸ੍ਰਿਸ਼ਟੀ ਵਿਚ ਜਾਣਿਆ ਜਾਵੇ,
ਉਸ ਦੇ ਮਗਰ ਲਗੇ ਸਭ ਕੋਇ॥

ਚੰਗਾ ਵਡੀ ਸੋਭਾ ਵਾਲਾ,
ਸਭ ਸੰਸਾਰ ਦਾ ਆਗੂ ਹੋਇ॥
ਜੇ ਮਾਲਕ ਦੀ ਮਿਹਰ ਨਹੀਂ ਹੁੰਦੀ,
ਅਗੇ ਵਾਤ ਨਾ ਪੁਛੇ ਕੋਇ॥
ਕੀੜਿਆਂ ਦੇ ਵਿਚ ਕੀਟ ਥਾਪ ਕੇ,
ਉਸ ਤੇ ਲਾਏ ਜਾਣਗੇ ਦੋਸ਼॥
ਨਾਮ ਪ੍ਰਭੂ ਦਾ ਕਿਉਂ ਨਹੀਂ ਜਪਿਆ,
ਮਾਇਆ ਮੋਹਿ ਰਹਿਆ ਮਦਹੋਸ਼॥
ਨਾਨਕ ਗੁਣ ਦੇਵੇ ਗੁਣ ਹੀਣਾ,
ਗੁਣਵੰਤਿਆਂ ਨੂੰ ਹੋਰ ਦੇ ਦੇਵੇ॥
ਰੱਬ ਜੇਹਾ ਕੋਈ ਹੋਰ ਨਹੀਂ ਸੁਝਦਾ,
ਐਨੇ ਗੁਣ ਜੋ ਸਭ ਨੂੰ ਦੇਵੇ॥7॥

ਸੁਣਿਐ ਸਿਧ ਪੀਰ ਸੁਰਿ ਨਾਥ ॥
ਸੁਣਿਐ ਧਰਤਿ ਧਵਲ ਆਕਾਸ ॥
ਸੁਣਿਐ ਦੀਪ ਲੋਅ ਪਾਤਾਲ ॥
ਸੁਣਿਐ ਪੋਹਿ ਨ ਸਕੈ ਕਾਲੁ ॥
ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥ ੮ ॥

ਹੁਕਮ ਪ੍ਰਭੂ ਦਾ ਮੰਨ ਕੇ ਬਣਦੇ,
ਸਿਧ, ਗੁਰੂ, ਦੇਵਤੇ, ਨਾਥ॥
ਹੁਕਮ ਪ੍ਰਭੂ ਦਾ ਮੰਨਿ ਮਨ ਸਮਝੇ,
ਹੁਕਮਿ ਟਿਕੇ ਧਰਤੀ ਆਕਾਸ਼॥
ਹੁਕਮ ਪ੍ਰਭੂ ਦਾ ਮੰਨਣ ਕਰਕੇ,
ਜਾਣੀਏ ਖੰਡ, ਮੰਡਲ, ਪਾਤਾਲ॥
ਹੁਕਮ ਪ੍ਰਭੂ ਦਾ ਮੰਨਣ ਕਰਕੇ, ਨੇੜੇ ਆ ਨ ਸਕੇ ਕਾਲ॥
ਨਾਨਕ ਭਗਤ ਆਨੰਦ ਮਾਣਦੇ,
ਸਦਾ ਹੀ ਖੇੜੇ ਵਿਚ ਨਿਵਾਸ॥
ਹੁਕਮ ਪ੍ਰਭੂ ਦਾ ਮੰਨਣ ਕਰਕੇ,
ਦੂਖ ਪਾਪ ਹੋ ਜਾਂਦੇ ਨਾਸ॥8॥

ਸੁਣਿਐ ਈਸਰੁ ਬਰਮਾ ਇੰਦੁ ॥
ਸੁਣਿਐ ਮੁਖਿ ਸਾਲਾਹਣ ਮੰਦੁ ॥
ਸੁਣਿਐ ਜੋਗ ਜੁਗਤਿ ਤਨਿ ਭੇਦ ॥
ਸੁਣਿਐ ਸਾਸਤ ਸਿਮ੍ਰਿਤਿ ਵੇਦ ॥
ਨਾਨਕ ਭਗਤਾ ਸਦਾ ਵਿਗਾਸੁ ॥

## ਸੁਣਿਐ ਦੂਖ ਪਾਪ ਕਾ ਨਾਸੁ ॥ ੯ ॥

ਹੁਕਮ ਪ੍ਰਭੂ ਦਾ ਮੰਨਣ ਕਰਕੇ,
ਬਣੇ ਨੇ ਸ਼ਿਵ ਜੀ, ਬ੍ਰਹਮਾ, ਇੰਦ॥
ਹੁਕਮ ਪ੍ਰਭੂ ਦਾ ਮੰਨਣ ਕਰਕੇ,
ਪ੍ਰਭੂ ਸਲਾਹੁਣ ਜੋਗੇ ਮੰਦ॥
ਹੁਕਮ ਪ੍ਰਭੂ ਦਾ ਮੰਨ ਸਮਝੀਏ,
ਜੋਗ ਦੀ ਜੁਗਤੀ, ਤਨ ਦੇ ਭੇਦ॥
ਹੁਕਮ ਪ੍ਰਭੂ ਦਾ ਮੰਨਣ ਵਾਲਿਆਂ,
ਲਿਖੇ ਨੇ ਸਾਸਤ੍ਰ, ਸਿਮ੍ਰਿਤਿ, ਵੇਦ॥
ਨਾਨਕ ਭਗਤ ਆਨੰਦ ਮਾਣਦੇ,
ਸਦਾ ਹੀ ਖੇੜੇ ਵਿਚ ਨਿਵਾਸ॥
ਹੁਕਮ ਪ੍ਰਭੂ ਦਾ ਮੰਨਣ ਕਰਕੇ,
ਦੂਖ ਪਾਪ ਹੋ ਜਾਂਦੇ ਨਾਸ॥੭॥

## ਸੁਣਿਐ ਸਤੁ ਸੰਤੋਖੁ ਗਿਆਨੁ ॥
## ਸੁਣਿਐ ਅਠਸਠਿ ਕਾ ਇਸਨਾਨੁ ॥
## ਸੁਣਿਐ ਪੜਿ ਪੜਿ ਪਾਵਹਿ ਮਾਨੁ ॥
## ਸੁਣਿਐ ਲਾਗੈ ਸਹਜਿ ਧਿਆਨੁ ॥
## ਨਾਨਕ ਭਗਤਾ ਸਦਾ ਵਿਗਾਸੁ ॥
## ਸੁਣਿਐ ਦੂਖ ਪਾਪ ਕਾ ਨਾਸੁ ॥ ੧੦ ॥

ਹੁਕਮ ਪ੍ਰਭੂ ਦਾ ਮੰਨਣ ਕਰਕੇ,
ਸਚੁ, ਸੰਤੋਖ, ਪ੍ਰਾਪਤ ਗਿਆਨ॥
ਹੁਕਮ ਪ੍ਰਭੂ ਦਾ ਮਨ ਵਿਚ ਮੰਨਿਆ,
ਅਠਾਹਠ ਤੀਰਥ ਹੋਵੇ ਇਸ਼ਨਾਨ॥
ਹੁਕਮ ਪ੍ਰਭੂ ਦਾ ਮੰਨਣ ਕਰਕੇ,
ਵਿਦਵਾਨ ਵਾਲਾ ਪਾਵੇ ਮਾਨ॥
ਹੁਕਮ ਪ੍ਰਭੂ ਦਾ ਮੰਨਣ ਕਰਕੇ,
ਰੱਬ ਵਿਚ ਲਗੇ ਸਦਾ ਧਿਆਨ॥
ਨਾਨਕ ਭਗਤ ਆਨੰਦ ਮਾਣਦੇ, ਸਦਾ ਹੀ ਖੇੜੇ ਵਿਚ ਨਿਵਾਸ॥
ਹੁਕਮ ਪ੍ਰਭੂ ਦਾ ਮੰਨਣ ਕਰਕੇ,
ਦੂਖ ਪਾਪ ਹੋ ਜਾਂਦੇ ਨਾਸ॥10॥

## ਸੁਣਿਐ ਸਰਾ ਗੁਣਾ ਕੇ ਗਾਹ ॥
## ਸੁਣਿਐ ਸੇਖ ਪੀਰ ਪਾਤਿਸਾਹ ॥
## ਸੁਣਿਐ ਅੰਧੇ ਪਾਵਹਿ ਰਾਹੁ ॥
## ਸੁਣਿਐ ਹਾਥ ਹੋਵੈ ਅਸਗਾਹੁ ॥
## ਨਾਨਕ ਭਗਤਾ ਸਦਾ ਵਿਗਾਸੁ ॥

ਸੁਣਿਐ ਦੂਖ ਪਾਪ ਕਾ ਨਾਸੁ ॥ ੧੧ ॥

ਹੁਕਮ ਪ੍ਰਭੂ ਦਾ ਮੰਨਣ ਕਰਕੇ,
ਮਨ ਗੁਣ ਸਾਰੇ ਲੈਂਦਾ ਗਾਹ॥
ਹੁਕਮ ਪ੍ਰਭੂ ਦਾ ਮੰਨਣ ਕਰਕੇ,
ਬਣਦੇ ਸੰਤ, ਗੁਰੂ, ਪਾਤਸ਼ਾਹ॥
ਹੁਕਮ ਪ੍ਰਭੂ ਦਾ ਮੰਨਣ ਕਰਕੇ,
ਅਗਿਆਨੀ ਪਾਉਂਦੇ ਰੱਬ ਦਾ ਰਾਹ॥
ਹੁਕਮ ਪ੍ਰਭੂ ਦਾ ਮੰਨਣ ਕਰਕੇ,
ਅਨਭਵ ਹੋਵੇ ਰੱਬ ਅਸਗਾਹ॥
ਨਾਨਕ ਭਗਤ ਆਨੰਦ ਮਾਣਦੇ,
ਸਦਾ ਹੀ ਖੇੜੇ ਵਿਚ ਨਿਵਾਸ॥
ਹੁਕਮ ਪ੍ਰਭੂ ਦਾ ਮੰਨਣ ਕਰਕੇ,
ਦੂਖ ਪਾਪ ਹੋ ਜਾਂਦੇ ਨਾਸ॥11॥

ਮੰਨੇ ਕੀ ਗਤਿ ਕਹੀ ਨ ਜਾਇ ॥
ਜੇ ਕੋ ਕਹੈ ਪਿਛੈ ਪਛੁਤਾਇ ॥
ਕਾਗਦਿ ਕਲਮ ਨ ਲਿਖਣਹਾਰੁ ॥
ਮੰਨੇ ਕਾ ਬਹਿ ਕਰਨਿ ਵੀਚਾਰੁ ॥
ਐਸਾ ਨਾਮੁ ਨਿਰੰਜਨੁ ਹੋਇ ॥
ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੨ ॥

ਹੁਕਮ ਮੰਨਣ ਵਾਲੇ ਦੀ ਸੋਭਾ,
ਮੇਰੇ ਕੋਲੋਂ ਕਹੀ ਨ ਜਾਏ॥
ਜੇ ਕੋਈ ਆਖੈ ਐਸਾ ਹੈ ਉਹ,
ਫਿਰ ਉਹ ਪਿਛੋਂ ਪਛੋਤਾਏ॥
ਕੋਈ ਨਹੀਂ ਕਾਗਜ, ਕਲਮ, ਸਿਆਹੀ,
ਜੋ ਸੋਭਾ ਪੂਰੀ ਲਿਖ ਸਕੇ॥
ਮੰਨਣ ਵਾਲੇ ਦੀ ਵੀਚਾਰ, ਕਰਦੇ ਕਰਦੇ ਸਾਰੇ ਥਕੇ॥
ਨਿਰਮਲ ਪ੍ਰਭੂ ਦਾ ਐਸਾ ਨਾਮੁ,
ਜੇ ਕੋਈ ਮਨ ਵਿਚ ਮੰਨੇ ਜਾਣੇ॥
ਬਿਨਾ ਮੰਨਿਆ ਸਮਝ ਨ ਪੈਂਦੀ,
ਤਣਦਾ ਫਿਰੇ ਕਈ [8]ਤਾਣੇ ਬਾਣੇ॥12॥

8. ਸਕੀਮਾਂ, ਸੋਚਾਂ

ਮੰਨੈ ਸੁਰਤਿ ਹੋਵੈ ਮਨਿ ਬੁਧਿ ॥
ਮੰਨੈ ਸਗਲ ਭਵਣ ਕੀ ਸੁਧਿ ॥
ਮੰਨੈ ਮੁਹਿ ਚੋਟਾ ਨਾ ਖਾਇ ॥
ਮੰਨੈ ਜਮ ਕੈ ਸਾਥਿ ਨ ਜਾਇ ॥
ਐਸਾ ਨਾਮੁ ਨਿਰੰਜਨੁ ਹੋਇ ॥
ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੩ ॥

ਜੇ ਕੋਈ ਮੰਨੇ ਨਾਮੁ ਪ੍ਰਭੂ ਦਾ,
ਮਨਿ ਵਿਚ ਸੋਝੀ ਉਪਜੇ ਬੁਧਿ॥
ਜੇ ਕੋਈ ਮੰਨੇ ਨਾਮੁ ਪ੍ਰਭੂ ਦਾ, ਸਭ ਭਵਨਾ ਦੀ ਹੋਵੇ ਸੁਧਿ॥
ਜੇ ਕੋਈ ਮੰਨੇ ਨਾਮ ਪਭੂ ਦਾ, ਮੂੰਹ ਤੇ ਸਟਾ ਕਦੇ ਨ ਖਾਏ॥
ਜੇ ਕੋਈ ਮੰਨੇ ਨਾਮੁ ਪ੍ਰਭੂ ਦਾ,
ਨਾਲ ਜਮਾਂ ਦੇ ਉਹ ਨ ਜਾਏ॥
ਨਿਰਮਲ ਪ੍ਰਭੁ ਦਾ ਐਸਾ ਨਾਮ,
ਜੇ ਕੋਈ ਮਨ ਵਿਚ ਮੰਨੇ ਜਾਣੇ॥
ਬਿਨਾ ਮੰਨਿਆ ਸਮਝ ਨ ਪੈਂਦੀ,
ਤਣਦਾ ਫਿਰੇ ਕਈ ਤਾਣੇ ਬਾਣੇ॥13॥

## ਮੰਨੈ ਮਾਰਗਿ ਠਾਕ ਨ ਪਾਇ ॥
## ਮੰਨੈ ਪਤਿ ਸਿਉ ਪਰਗਟੁ ਜਾਇ ॥
## ਮੰਨੈ ਮਗੁ ਨ ਚਲੈ ਪੰਥੁ ॥
## ਮੰਨੈ ਧਰਮ ਸੇਤੀ ਸਨਬੰਧੁ ॥
## ਐਸਾ ਨਾਮੁ ਨਿਰੰਜਨੁ ਹੋਇ ॥
## ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੪ ॥

ਜੇ ਕੋਈ ਮੰਨੇ ਨਾਮੁ ਪ੍ਰਭੂ ਦਾ,
ਰਸਤੇ ਵਿਚ ਕੋਈ ਰੋਕ ਨ ਪਾਏ॥
ਜੇ ਕੋਈ ਮੰਨੇ ਨਾਮੁ ਪ੍ਰਭੂ ਦਾ,
ਆਦਰ ਸੇਤੀ ਪਰਗਟ ਜਾਏ॥
ਜੇ ਕੋਈ ਮੰਨੇ ਨਾਮੁ ਪ੍ਰਭੂ ਦਾ,
ਹੋਰ ਰਾਹਾਂ ਤੇ ਉਹ ਨ ਜਾਏ॥
ਜੇ ਕੋਈ ਮੰਨੇ ਨਾਮੁ ਪ੍ਰਭੂ ਦਾ,
ਧਰਮਰਾਜ ਮਿਤਰ ਬਣ ਜਾਏ॥
ਨਿਰਮਲ ਪ੍ਰਭੁ ਦਾ ਐਸਾ ਨਾਮ,
ਜੇ ਕੋਈ ਮਨ ਵਿਚ ਮੰਨੇ ਜਾਣੇ॥
ਬਿਨਾ ਮੰਨਿਆ ਸਮਝ ਨ ਪੈਂਦੀ,
ਤਣਦਾ ਫਿਰੇ ਕਈ ਤਾਣੇ ਬਾਣੇ॥14॥

## ਮੰਨੈ ਪਾਵਹਿ ਮੋਖੁ ਦੁਆਰੁ ॥
## ਮੰਨੈ ਪਰਵਾਰੈ ਸਾਧਾਰੁ ॥
## ਮੰਨੈ ਤਰੈ ਤਾਰੇ ਗੁਰੁ ਸਿਖ ॥
## ਮੰਨੈ ਨਾਨਕ ਭਵਹਿ ਨ ਭਿਖ ॥
## ਐਸਾ ਨਾਮੁ ਨਿਰੰਜਨੁ ਹੋਇ ॥
## ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੫ ॥

ਜੇ ਕੋਈ ਮੰਨੇ ਨਾਮੁ ਪ੍ਰਭੂ ਦਾ, ਪਾ ਲੈਂਦਾ ਉਹ ਮੁਕਤਿ ਦਵਾਰ॥

ਜੇ ਕੋਈ ਮੰਨੇ ਨਾਮੁ ਪ੍ਰਭੂ ਦਾ, ਆਸਰਾ ਪਾਵੇ ਸਭ ਪਰਵਾਰ॥
ਜੇ ਕੋਈ ਮੰਨੇ ਨਾਮੁ ਪ੍ਰਭੂ ਦਾ, ਤਰੇ, ਗੁਰੂ ਬਣ ਤਾਰੇ ਸਿਖ॥
ਜੇ ਕੋਈ ਮੰਨੇ ਨਾਮ ਪ੍ਰਭੂ ਦਾ,
ਨਾਨਕ ਦਰ ਦਰ ਮੰਗੇ ਨ ਭਿਖ॥
ਨਿਰਮਲ ਪ੍ਰਭੂ ਦਾ ਐਸਾ ਨਾਮ,
ਜੇ ਕੋਈ ਮਨ ਵਿਚ ਮੰਨੇ ਜਾਣੇ॥
ਬਿਨਾ ਮੰਨਿਆ ਸਮਝ ਨ ਪੈਂਦੀ,
ਤਣਦਾ ਫਿਰੇ ਕਈ ਤਾਣੇ ਬਾਣੇ॥15॥

ਪੰਚ ਪਰਵਾਣ ਪੰਚ ਪਰਧਾਨੁ ॥
ਪੰਚੇ ਪਾਵਹਿ ਦਰਗਹਿ ਮਾਨੁ ॥
ਪੰਚੇ ਸੋਹਹਿ ਦਰਿ ਰਾਜਾਨੁ ॥
ਪੰਚਾ ਕਾ ਗੁਰੁ ਏਕੁ ਧਿਆਨੁ ॥
ਜੇ ਕੋ ਕਹੈ ਕਰੈ ਵਿਚਾਰੁ ॥
ਕਰਤੇ ਕੈ ਕਰਣੈ ਨਾਹੀ ਸੁਮਾਰੁ ॥
ਧੌਲੁ ਧਰਮੁ ਦਇਆ ਕਾ ਪੂਤੁ ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥
ਜੇ ਕੋ ਬੁਝੈ ਹੋਵੈ ਸਚਿਆਰੁ ॥
ਧਵਲੈ ਉਪਰਿ ਕੇਤਾ ਭਾਰੁ ॥
ਧਰਤੀ ਹੋਰੁ ਪਰੈ ਹੋਰੁ ਹੋਰੁ ॥
ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥
ਜੀਅ ਜਾਤਿ ਰੰਗਾ ਕੇ ਨਾਵ ॥
ਸਭਨਾ ਲਿਖਿਆ ਵੁੜੀ ਕਲਾਮ ॥
ਏਹੁ ਲੇਖਾ ਲਿਖਿ ਜਾਣੈ ਕੋਇ ॥
ਲੇਖਾ ਲਿਖਿਆ ਕੇਤਾ ਹੋਇ ॥
ਕੇਤਾ ਤਾਣੁ ਸੁਆਲਿਹੁ ਰੂਪੁ ॥
ਕੇਤੀ ਦਾਤਿ ਜਾਣੈ ਕੌਣੁ ਕੂਤੁ ॥
ਕੀਤਾ ਪਸਾਉ ਏਕੋ ਕਵਾਉ ॥
ਤਿਸ ਤੇ ਹੋਏ ਲਖ ਦਰੀਆਉ ॥
ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥

## ਤੂ ਸਦਾ ਸਲਾਮਤਿ ਨਿਰੰਕਾਰ ॥ ੧੬ ॥

ਨਾਮ ਪ੍ਰਭੂ ਦਾ ਜੋ ਮੰਨਦੇ ਨੇ,
ਸ੍ਰੇਸ਼ਟ ਜਨ, ਉਤਮ, ਬਲਵਾਨ॥
ਸ੍ਰੇਸ਼ਟ ਜਨ ਹੁੰਦੇ ਪਰਵਾਨ,
ਸ੍ਰੇਸ਼ਟ ਜਨ ਬਣਦੇ ਪਰਧਾਨ॥
ਸ੍ਰੇਸ਼ਟ ਦਰਗਹਿ ਪਾਵੇ ਮਾਨ,
ਸ੍ਰੇਸ਼ਟ ਸੋਹੰਦੇ ਦਰਿ ਭਗਵਾਨ॥
ਸ੍ਰੇਸ਼ਟ ਜਨ ਨਹੀਂ ਹੋਰ ਧਿਆਉਂਦੇ,
ਇਕ ਪ੍ਰਭੂ ਦਾ ਧਰਨ ਧਿਆਨ॥
ਜੇ ਕੋਈ ਆਖੇ ਰਚਨਾ ਕਿਤਨੀ,
ਕਿੰਨੇ ਢੰਗਾਂ ਦੀ ਕਰੇ ਵੀਚਾਰ॥
ਸਿਰਜਨਹਾਰ ਜੋ ਕਰ ਰਿਹਾ ਹੈ,
ਉਸ ਦਾ ਅੰਤ ਨ [9]ਪਵੇ ਸ਼ੁਮਾਰ॥
ਕਿਸੇ ਬਲਦ ਨੇ ਧਰਤ ਨਹੀਂ ਚੁਕੀ,
ਪ੍ਰਭੂ ਦਇਆ ਦਾ ਪੂਤ ਕਾਨੂੰਨ॥
ਉਸ ਦੇ ਆਸਰੇ ਸਭ ਕੁਛ ਟਿਕਿਆ,
ਆਪ ਟਿਕਾਣੇ ਰਹੇ ਸਭ [10]ਸੂਤਿ॥
ਬਲਦ ਸਹਾਰੇ ਧਰਤ ਜੇ ਮੰਨੀਏ,
ਬਲਦ ਦੇ ਉਪਰ ਕਿਤਨਾ ਭਾਰ॥
ਬਲਦ ਸਹਾਰਾ ਜੇ ਫਿਰ ਧਰਤੀ,
ਲੇਖਾ ਲੜੀ ਕਿਵੇਂ ਮੁਕੂ ਵੀਚਾਰ॥
ਅੰਤ ਸਹਾਰਾ ਕਿਹੜਾ ਹੈ ਉਹ,
ਜੋ ਸਭਨਾ ਨੂੰ ਰਖੇ ਟਿਕਾਣੇ॥
ਪ੍ਰਭੂ ਦਇਆ ਦਾ ਪੁਤਰ ਧਰਮ,
ਕੀਤੇ ਜਿਸ ਨੇ ਸਭ [11]ਸਿਆਣੇ॥
ਕਿੰਨੇ ਜੀਅ, ਜਾਤਿ ਤੇ ਰੰਗ,
ਕਿੰਨੇ ਢੰਗ ਤੇ ਕਿੰਨੇ ਨਾਂਵ॥
ਗਿਣਤੀ ਕਰਦਿਆਂ ਅੰਤ ਨ ਆਵੇ,
ਸਭ ਨੂੰ ਲਿਖਿਆ [12]ਵੁੜੀ ਕਲਾਮ॥
ਕਿੰਨਾ ਤੇਰਾ ਬਲ ਹੈ ਮਾਲਕ,
ਕਿੰਨਾ ਤੇਰਾ ਸੁੰਦਰ ਰੂਪ॥
ਕਿੰਨੀਆਂ ਦਾਤਾਂ ਤੂੰ ਦੇਂਦਾ ਹੈਂ,
ਇਸ ਦਾ ਕੌਣ ਲਗਾਵੇ [13]ਕੂਤੁ॥
ਇਕ ਬਚਨ ਨਾਲ ਰਚਨਾ ਕੀਤੀ,
ਜਿਸ ਦਾ ਕੋਈ ਨ ਜਾਣੈ ਅੰਤ॥
ਉਸ ਵਿਚ ਲਖਾਂ ਜੀਵਣ ਤੁਰ ਪਏ,
ਸਭ ਕੋਈ ਕਹੇ ਬੇਅੰਤ ਬੇਅੰਤ॥
ਮੇਰੀ ਕੀ ਸ਼ਕਤੀ ਹੈ ਸਾਹਿਬ,
ਰਚਨਾ ਦੀ ਮੈਂ ਕਰਾਂ ਵੀਚਾਰ॥
ਮੈਂ ਤਾ ਐਨੀ ਤੁਛ ਹਸਤੀ ਹਾਂ,
ਵਾਰਿਆਂ ਨਾ ਜਾਵਾਂ ਏਕ ਵਾਰ॥
ਜੋ ਵੀ ਤੈਨੂੰ ਭਾਵੇ ਸਾਹਿਬ,
ਉਹੋ ਹੀ ਹੈ ਚੰਗੀ ਕਾਰ॥
ਤੇਰਾ ਆਦਿ ਅੰਤ ਨ ਲਭੇ,

ਸਦਾ ਸਲਾਮਤਿ ਤੂੰ ਨਿਰੰਕਾਰ॥16॥
9. ਗਿਣਤੀ ਮਿਣਤੀ, 10. ਮਰਯਾਦਾ ਵਿਚ, ਕੰਟਰੋਲ ਵਿਚ, 11. ਡਿਊਟੀ ਕਰਨ ਯੋਗ,
12. ਚਲਦੀ ਕਲਮ (ਵਾਹਿਗੁਰੂ ਦੀ) ਨੇ, 13. ਅੰਦਾਜ਼ਾ।

## ਅਸੰਖ ਜਪ ਅਸੰਖ ਭਾਉ ॥
## ਅਸੰਖ ਪੂਜਾ ਅਸੰਖ ਤਪ ਤਾਉ ॥
## ਅਸੰਖ ਗਰੰਥ ਮੁਖਿ ਵੇਦ ਪਾਠ ॥
## ਅਸੰਖ ਜੋਗ ਮਨਿ ਰਹਹਿ ਉਦਾਸ ॥
## ਅਸੰਖ ਭਗਤ ਗੁਣ ਗਿਆਨ ਵੀਚਾਰ ॥
## ਅਸੰਖ ਸਤੀ ਅਸੰਖ ਦਾਤਾਰ ॥
## ਅਸੰਖ ਸੂਰ ਮੁਹ ਭਖ ਸਾਰ ॥
## ਅਸੰਖ ਮੋਨਿ ਲਿਵ ਲਾਇ ਤਾਰ ॥
## ਕੁਦਰਤਿ ਕਵਣ ਕਹਾ ਵਿਚਾਰੁ ॥
## ਵਾਰਿਆ ਨ ਜਾਵਾ ਏਕ ਵਾਰ ॥
## ਜੋ ਤੁਧੁ ਭਾਵੈ ਸਾਈ ਭਲੀ ਕਾਰ ॥
## ਤੂ ਸਦਾ ਸਲਾਮਤਿ ਨਿਰੰਕਾਰ ॥ ੧੭ ॥

ਅਸੰਖਾਂ ਹੀ ਹਨ ਪ੍ਰਭੂ ਨੂੰ ਜਪਦੇ,
ਅਸੰਖਾਂ ਉਸ ਨੂੰ ਕਰਨ ਪਿਆਰ॥
ਅਸੰਖਾਂ ਕਰਦੇ ਉਸ ਦੀ ਪੂਜਾ,
ਅਸੰਖਾ ਤਪ ਸਾਧਨ ਵਾਰ ਵਾਰ॥
ਅਸੰਖਾਂ ਕਰਦੇ ਪਾਠ ਗਰੰਥਾਂ,
ਮੁਖ ਤੋਂ ਬੋਲਨ ਵੇਦ ਉਚਾਰ॥
ਅਸੰਖਾਂ ਜੋਗੀ ਜੋਗ ਕਮਾਉਂਦੇ,
ਮਨ ਮਾਇਆ ਤੋਂ ਰਹੇ ਉਦਾਰ॥
ਅਸੰਖਾਂ ਭਗਤ ਤੇਰੇ ਗੁਣ ਗਾਉਂਦੇ,
ਗਿਆਨ ਤੇਰੇ ਦੀ ਕਰਨ ਵੀਚਾਰ॥
ਅਸੰਖਾਂ ਦਾਨੀ ਦਾਨ ਨੇ ਕਰਦੇ,
ਬਣ ਬਹਿੰਦੇ ਨੇ ਖੁਦ ਦਾਤਾਰ॥
ਅਸੰਖ ਸੂਰਮੇ ਰਣ ਭੂਮੀ ਵਿਚ,
ਮੂੰਹ ਤੇ ਖਾਂਦੇ ਸਟਾਂ [14]ਸਾਰ॥
ਅਸੰਖਾਂ ਮੋਨੀ ਚੁਪ ਹੀ ਬੈਠੇ,
ਲਿਵ ਲਾਉਂਦੇ ਨੇ ਇਕੋ ਤਾਰ॥
ਮੇਰੀ ਕੀ ਸ਼ਕਤੀ ਹੈ ਸਾਹਿਬ,
ਰਚਨਾ ਦੀ ਮੈਂ ਕਰਾਂ ਵੀਚਾਰ॥
ਮੈਂ ਤਾਂ ਐਨੀ ਤੁਛ ਹਸਤੀ ਹਾਂ,
ਵਾਰਿਆ ਨ ਜਾਵਾਂ ਏਕ ਵਾਰ॥
ਜੋ ਵੀ ਤੈਨੂੰ ਭਾਵੇ ਸਾਹਿਬ,
ਉਹੋ ਹੀ ਹੈ ਚੰਗੀ ਕਾਰ॥
ਤੇਰਾ ਆਦਿ ਅੰਤ ਨ ਲਭੇ,

ਸਦਾ ਸਲਾਮਤਿ ਤੂੰ ਨਿਰੰਕਾਰ॥17॥

14. ਲੋਹਾ, ਭਾਵ ਹਥਿਆਰ।

ਅਸੰਖ ਮੂਰਖ ਅੰਧ ਘੋਰ ॥
ਅਸੰਖ ਚੋਰ ਹਰਾਮਖੋਰ ॥
ਅਸੰਖ ਅਮਰ ਕਰਿ ਜਾਹਿ ਜੋਰ ॥
ਅਸੰਖ ਗਲਵਢ ਹਤਿਆ ਕਮਾਹਿ ॥
ਅਸੰਖ ਪਾਪੀ ਪਾਪੁ ਕਰਿ ਜਾਹਿ ॥
ਅਸੰਖ ਕੂੜਿਆਰ ਕੂੜੇ ਫਿਰਾਹਿ ॥
ਅਸੰਖ ਮਲੇਛ ਮਲੁ ਭਖਿ ਖਾਹਿ ॥
ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥
ਨਾਨਕੁ ਨੀਚੁ ਕਹੈ ਵਿਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥ ੧੮ ॥

ਅਸੰਖਾਂ ਮੂਰਖ ਮਹਾਂ ਮੂਰਖ ਨੇ,
ਅਸਖਾਂ ਚੋਰ ਹਰਾਮ ਖੋਰ॥
ਅਸੰਖਾਂ ਜਬਰੀ ਰਾਜੇ ਬਣਦੇ,
ਰਾਜ ਕਮਾਉਂਦੇ ਆਪਨੇ ਜੋਰ॥
ਅਸੰਖਾਂ ਦੂਜਿਆਂ ਦੇ ਗਲ ਵਢਦੇ,
ਅਸੰਖਾਂ ਪਾਪੀ ਪਾਪ ਕਮਾਂਦੇ॥
ਅਸੰਖਾਂ ਝੂਠੇ ਝੂਠ ਚ ਰੁਝੇ,
ਅਸੰਖਾਂ ਭੈੜੇ ਮਲ ਹੀ ਖਾਂਦੇ॥
ਅਸੰਖਾਂ ਨਿੰਦਕ ਨਿੰਦਿਆ ਕਰ ਕਰ,
ਸਿਰ ਆਪਣੇ ਤੇ ਚੁਕਣ ਭਾਰ॥
ਕੀ ਮੈਂ ਗਿਣਾ ਅੰਤ ਨਹੀ ਪੈਂਦਾ,
ਨੀਵਾਂ ਨਾਨਕੁ ਕਹੇ ਵੀਚਾਰ॥
ਮੈਂ ਤਾਂ ਐਨੀ ਤੁਛ ਹਸਤੀ ਹਾਂ,
ਵਾਰਿਆ ਨ ਜਾਵਾਂ ਏਕ ਵਾਰ॥
ਜੋ ਵੀ ਤੈਨੂੰ ਭਾਵੇ ਸਾਹਿਬ, ਉਹੋ ਹੀ ਹੈ ਚੰਗੀ ਕਾਰ॥
ਤੇਰਾ ਆਦਿ ਅੰਤ ਨ ਲਭੇ,
ਸਦਾ ਸਲਾਮਤਿ ਤੂੰ ਨਿਰੰਕਾਰ॥18॥

ਅਸੰਖ ਨਾਵ ਅਸੰਖ ਥਾਵ ॥
ਅਗੰਮ ਅਗੰਮ ਅਸੰਖ ਲੋਅ ॥
ਅਸੰਖ ਕਹਹਿ ਸਿਰਿ ਭਾਰੁ ਹੋਇ ॥
ਅਖਰੀ ਨਾਮੁ ਅਖਰੀ ਸਾਲਾਹ ॥

ਅਖਰੀ ਗਿਆਨੁ ਗੀਤ ਗੁਣ ਗਾਹ ॥
ਅਖਰੀ ਲਿਖਣੁ ਬੋਲਣੁ ਬਾਣਿ ॥
ਅਖਰਾ ਸਿਰਿ ਸੰਜੋਗੁ ਵਖਾਣਿ ॥
ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥
ਜਿਵ ਫੁਰਮਾਏ ਤਿਵ ਤਿਵ ਪਾਹਿ ॥
ਜੇਤਾ ਕੀਤਾ ਤੇਤਾ ਨਾਉ ॥
ਵਿਣੁ ਨਾਵੈ ਨਾਹੀ ਕੋ ਥਾਉ ॥
ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥ ੧੯ ॥

ਅਸੰਖਾਂ ਹੀ ਹਨ ਤੇਰੇ ਟਿਕਾਣੇ,
ਅਸੰਖਾਂ ਉਹਨਾਂ ਦੇ ਹਨ ਨਾਮ॥
ਮਨ ਬੁਧਿ ਦੀ ਗੰਮਤਾ ਤੋਂ ਦੂਰ,
ਅਸੰਖ ਲੋਅ ਤੇਰਾ ਬਿਸਰਾਮ॥
ਅਸੰਖ ਨੂੰ ਸੰਖਿਆ ਵਿਚ ਜੋ ਗਿਣਦੇ,
ਸਿਰ ਆਪਣੇ ਤੇ ਚੁਕਣ ਭਾਰ॥
ਅਖਰਾਂ ਨਾਲ ਵੀਚਾਰ ਨਾਮ ਦੀ,
ਅਖਰਾਂ ਨਾਲ ਹੋਵੇ ਸਾਲਾਹ॥
ਅਖਰਾਂ ਦੁਆਰਾ ਗਿਆਨ ਜਾਣਨਾ,
ਅਖਰਾਂ ਨਾਲ ਗੀਤ ਗੁਣ ਗਾਹ॥
ਅਖਰਾਂ ਦੁਆਰਾ ਬੋਲੀ ਲਿਖਣੀ,
ਅਖਰਾਂ ਦੁਆਰਾ ਬੋਲੀ ਜਾਵੇ॥
ਅਖਰਾਂ ਦੁਆਰਾ ਪ੍ਰਭੂ ਸੰਜੋਗ,
ਕਹਿ ਕੇ ਗਿਆਨੀ ਕੋ ਸਮਝਾਵੇ॥
ਸਭ ਦੇ ਸਿਰ ਜਿਨ ਲਿਖੇ ਨੇ ਭਾਗ,
ਉਸ ਦੇ ਸਿਰ ਕੋਈ ਲੇਖ ਨਹੀਂ ਹੈ॥
ਜਿਵ ਫੁਰਮਾਏ ਤਿਵ ਤਿਵ ਮਿਲਦਾ,
ਇਸ ਵਿਚ ਦੂਜਾ ਭੇਦ ਨਹੀਂ ਹੈ॥
ਸਭ ਰਚਨਾ ਵਿਚ ਤੇਰਾ ਨਾਮ,
ਨਾਮ ਬਿਨਾ ਨਾਹੀ ਕੋ ਥਾਵ॥
ਮੇਰੀ ਕੀ ਸ਼ਕਤੀ ਹੈ ਸਾਹਿਬ,
ਰਚਨਾ ਦੀ ਮੈ ਕਰਾਂ ਵੀਚਾਰ॥
ਮੈ ਤਾਂ ਐਨੀ ਤੁਛ ਹਸਤੀ ਹਾਂ,
ਵਾਰਿਆ ਨਾ ਜਾਵਾਂ ਏਕ ਵਾਰ॥
ਜੋ ਵੀ ਤੈਨੂੰ ਭਾਵੇ ਸਹਿਬ, ਉਹੋ ਹੀ ਹੈ ਚੰਗੀ ਕਾਰ॥
ਤੇਰਾ ਆਦਿ ਅੰਤ ਨ ਲਭੇ,
ਸਦਾ ਸਲਾਮਤਿ ਤੂੰ ਨਿਰੰਕਾਰ॥19॥

ਭਰੀਐ ਹਥੁ ਪੈਰੁ ਤਨੁ ਦੇਹ ॥
ਪਾਣੀ ਧੋਤੈ ਉਤਰਸੁ ਖੇਹ ॥
ਮੂਤ ਪਲੀਤੀ ਕਪੜੁ ਹੋਇ ॥
ਦੇ ਸਾਬੂਣੁ ਲਈਐ ਓਹੁ ਧੋਇ ॥
ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥
ਪੁੰਨੀ ਪਾਪੀ ਆਖਣੁ ਨਾਹਿ ॥
ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥
ਆਪੇ ਬੀਜਿ ਆਪੇ ਹੀ ਖਾਹੁ ॥
ਨਾਨਕ ਹੁਕਮੀ ਆਵਹੁ ਜਾਹੁ ॥ ੨੦ ॥

ਮਿਟੀ ਘਟਾ ਪਵੇ ਸਰੀਰ,
ਭਰ ਜਾਣ ਹਥ ਪੈਰ ਤੇ ਦੇਹ॥
ਪਾਣੀ ਨਾਲ ਹੋ ਜਾਂਦੇ ਸਾਫ,
ਉਤਰ ਜਾਂਦੀ ਹੈ ਸਾਰੀ ਖੇਹ॥
ਮੂਤ ਮੈਲੇ ਨਾਲ ਗੰਦੇ ਕਪੜੇ,
ਨਿਰੇ ਪਾਣੀ ਨਾਲ ਸਾਫ ਨਹੀਂ ਹੁੰਦੇ॥
ਸਾਬਣ ਲਾਇਆ ਹੁੰਦੇ ਉਜਲੇ,
ਇਸ ਬਿਨਾ ਉਹ ਰਹਿੰਦੇ ਗੰਦੇ॥
ਧੋਣ ਦਾ ਸਾਧਨ ਲੋੜ ਮੁਤਾਬਕ,
ਹਰ ਸ਼ੈ ਹਰ ਥਾਂ ਕੰਮ ਨ ਆਵੇ॥
ਮਨ ਮੈਲਾ ਪਾਪਾਂ ਦੇ ਨਾਲ,
ਸਾਬਣ ਨਾਲ ਨ ਧੋਤਾ ਜਾਵੇ॥
ਮਤਿ ਭਰੀ ਪਾਪਾਂ ਦੇ ਨਾਲ,
ਉਹ ਧੁਪਦੀ ਹੈ ਨਾਮਿ ਪਿਆਰ॥
ਹੋਰ ਕੋਈ ਵੀ ਸਾਧਨ ਨਹੀਂ ਹੈ,
ਨਾਲ ਪ੍ਰਭੂ ਦੇ ਪਾਵੋ ਪਿਆਰ॥
ਪੁੰਨ ਤੇ ਪਾਪ ਅਖੌਤ ਨਹੀਂ ਹੈ,
ਜੋ ਵੀ ਕਰੀਏ ਭਰਨਾ ਪੈਂਦਾ॥
ਹਰ ਕਰਮ ਦਾ ਫਲ ਜੀਵ ਨੂੰ,
ਆਪੇ ਹੀ ਹੈ ਜਰਨਾ ਪੈਂਦਾ॥
ਚੰਗੇ ਕਰਮ ਦਾ ਫਲ ਹੈ ਚੰਗਾ,
ਮਾੜੇ ਦਾ ਮਾੜਾ ਮਿਲ ਜਾਵੇ॥
ਹਰ ਕੋਈ ਕੀਤੇ ਕਰਮ ਦਾ ਲੇਖਾ,
ਨਾਲ ਲਿਖ ਕੇ ਨਾਲ ਲੈ ਜਾਵੇ॥
ਆਪੇ ਬੀਜੇ ਆਪੇ ਖਾਵੇ,
ਕੋਈ ਨ ਭੋਗੇ ਕਿਸੇ ਦੀ ਥਾਵੇ॥
ਕਰਮਾਂ ਦਾ ਫਲ ਭੋਗਣ ਦੇ ਲਈ,
ਨਾਨਕ ਹੁਕਮ 'ਚ ਆਵੇ ਜਾਵੇ॥੨੦॥

ਤੀਰਥੁ ਤਪੁ ਦਇਆ ਦਤੁ ਦਾਨੁ ॥

ਜੇ ਕੋ ਪਾਵੈ ਤਿਲ ਕਾ ਮਾਨੁ ॥
ਸੁਣਿਆ ਮੰਨਿਆ ਮਨਿ ਕੀਤਾ ਭਾਉ ॥
ਅੰਤਰਗਤਿ ਤੀਰਥਿ ਮਲਿ ਨਾਉ ॥
ਸਭਿ ਗੁਣ ਤੇਰੇ ਮੈ ਨਾਹੀ ਕੋਇ ॥
ਵਿਣੁ ਗੁਣ ਕੀਤੇ ਭਗਤਿ ਨ ਹੋਇ ॥
ਸੁਅਸਤਿ ਆਥਿ ਬਾਣੀ ਬਰਮਾਉ ॥
ਸਤਿ ਸੁਹਾਣੁ ਸਦਾ ਮਨਿ ਚਾਉ ॥
ਕਵਣੁ ਸੁ ਵੇਲਾ ਵਖਤੁ ਕਵਣੁ
ਕਵਣ ਥਿਤਿ ਕਵਣੁ ਵਾਰੁ ॥
ਕਵਣਿ ਸਿ ਰੁਤੀ ਮਾਹੁ ਕਵਣੁ
ਜਿਤੁ ਹੋਆ ਆਕਾਰੁ ॥
ਵੇਲ ਨ ਪਾਈਆ ਪੰਡਤੀ
ਜਿ ਹੋਵੈ ਲੇਖੁ ਪੁਰਾਣੁ ॥
ਵਖਤੁ ਨ ਪਾਇਓ ਕਾਦੀਆ
ਜਿ ਲਿਖਨਿ ਲੇਖੁ ਕੁਰਾਣੁ ॥
ਥਿਤਿ ਵਾਰੁ ਨਾ ਜੋਗੀ ਜਾਣੈ
ਰੁਤਿ ਮਾਹੁ ਨਾ ਕੋਈ ॥
ਜਾ ਕਰਤਾ ਸਿਰਠੀ ਕਉ ਸਾਜੇ
ਆਪੇ ਜਾਣੈ ਸੋਈ ॥
ਕਿਵ ਕਰਿ ਆਖਾ ਕਿਵ ਸਾਲਾਹੀ
ਕਿਉ ਵਰਨੀ ਕਿਵ ਜਾਣਾ ॥
ਨਾਨਕ ਆਖਣਿ ਸਭੁ ਕੋ ਆਖੈ
ਇਕ ਦੂ ਇਕੁ ਸਿਆਣਾ ॥
ਵਡਾ ਸਾਹਿਬੁ ਵਡੀ ਨਾਈ
ਕੀਤਾ ਜਾ ਕਾ ਹੋਵੈ ॥
ਨਾਨਕ ਜੇ ਕੋ ਆਪੌ ਜਾਣੈ
ਅਗੈ ਗਇਆ ਨ ਸੋਹੈ ॥ ੨੧ ॥

ਜੇ ਕੋਈ ਕਰੇ ਤੀਰਥ ਇਸ਼ਨਾਨ,
ਦਇਆ ਕਰੇ ਤੇ ਦੇਵੇ ਦਾਨ॥

ਉਸ ਨੂੰ ਥੋੜੀ ਸੋਭਾ ਮਿਲਦੀ,
ਦੁਨੀਆ ਵਿਚ ਮਿਲਦਾ ਹੈ ਮਾਨ॥
ਨਾਮੁ ਸੁਣੇ ਤੇ ਨਾਮੁ ਕਮਾਵੇ,
ਮਨ ਵਿਚ ਕਰੇ ਪ੍ਰਭੂ ਨੂੰ ਪਿਆਰ॥
ਇਹ ਇਸ਼ਨਾਨ ਲਈ ਅਸਲੀ ਤੀਰਥ,
ਲਥ ਜਾਵੇ ਹਉਮੈ ਦੀ ਗਾਰ॥
ਸਾਰੇ ਗੁਣ ਤਾਂ ਪ੍ਰਭੂ ਪਾਸ ਨੇ,
ਮੇਰੇ ਵਿਚ ਗੁਣ ਨਾਹੀ ਕੋਇ॥
ਜਦ ਤਕ ਮਨ ਵਿਚ ਗੁਣ ਨ ਉੱਗਰਨ,
ਰੱਬ ਦੀ ਭਗਤੀ ਕਦੇ ਨਾ ਹੋਇ॥
ਮਾਇਆ ਦੇ ਬੰਦੀ ਖਾਨੇ ਚੋਂ,
ਬ੍ਰਹਮ ਦੀ ਬਾਣੀ ਜੀਵ ਛਡਾਵੇ॥
ਬ੍ਰਹਮ ਜੋ ਸਦਾ ਸਥਿਰ, ਅਤਿ ਸੁੰਦਰ,
ਸਦਾ ਹੀ ਖਿੜਿਆ ਨਜਰੀ ਆਵੇ॥
ਕਿਹੜਾ ਵੇਲਾ ਸਮਾਂ ਸੀ ਕਿਹੜਾ,
ਕੀ ਸੀ ਥਿਤੀ ਤੇ ਕੀ ਸੀ ਵਾਰ॥
ਕੀ ਸੀ ਰੁਤਿ, ਮਹੀਨਾ ਕਿਹੜਾ,
ਜਦੋ ਇਹ ਹੋਇਆ ਸਭ ਆਕਾਰ॥
ਪੰਡਤਾਂ ਨੂੰ ਇਹ ਸਮਝ ਨਹੀਂ ਆਈ,
ਨਹੀਂ ਤਾਂ ਲਿਖਦੇ ਲੇਖ ਪੁਰਾਣ॥
ਕਾਜੀਆਂ ਨੂੰ ਵੀ ਪਤਾ ਨ ਲਗਾ,
ਨਹੀਂ ਲਿਖ ਦੇਂਦੇ ਵਿਚ ਕੁਰਾਨ॥
ਜੋਗੀ ਵੀ ਥਿਤਿ ਵਾਰ ਨ ਜਾਨਣ,
ਨਾ ਉਹ ਜਾਨਣ ਰੁਤਿ ਮਹੀਨਾ॥
ਜਿਸ ਕਰਤਾਰ ਨੇ ਸਾਜੀ ਰਚਨਾ,
ਉਹੀ ਜਾਣੇ ਕਦ ਉਸ ਕੀਨਾ॥
ਕਿਸ ਤਰਾਂ ਤੈਨੂੰ ਪ੍ਰਭ ਜੀ ਆਖਾਂ,
ਕਿਵ ਗੁਣ ਗਾਵਾਂ, ਕਰਾਂ ਬਿਆਨ॥
ਕਿਸ ਤਰਾਂ ਤੈਨੂੰ ਪ੍ਰਭ ਜੀ ਜਾਣਾ,
ਵਡੀ ਸੋਭਾ ਉਚਾ ਥਾਨ॥
ਆਖਣ ਨੂੰ ਸਭ ਕੋਈ ਆਖੇ,
ਨਾਨਕ ਇਕ ਦੂ ਇਕ ਸਿਆਣਾ॥
ਮੇਰੀ ਸਮਝ ਤੋਂ ਸਾਹਿਬ ਉਚਾ,
ਮੈਂ ਤਾਂ ਉਸ ਨੂੰ ਆਖਿ ਨ ਜਾਣਾ॥
ਵਡਾ ਮਾਲਕ ਵਡੀ ਸੋਭਾ,
ਜਿਸ ਦਾ ਕੀਤਾ ਸਭ ਕਿਛ ਹੋਵੇ॥
ਨਾਨਕ ਜੇ ਕੋਈ ਆਪੌ ਜਾਣੇ,
ਅਗੇ ਗਇਆ ਨ ਮੂਲੋਂ [15]ਸੋਹੇ॥੨੧॥

15. ਸੁਭਾਇਮਾਨ।

## ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥
## ਓੜਕ ਓੜਕ ਭਾਲਿ ਥਕੇ
## ਵੇਦ ਕਹਨਿ ਇਕ ਵਾਤ ॥
## ਸਹਸ ਅਠਾਰਹ ਕਹਨਿ ਕਤੇਬਾ

ਅਸੁਲੂ ਇਕੁ ਧਾਤੁ ॥

ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥

ਨਾਨਕ ਵਡਾ ਆਖੀਐ

ਆਪੇ ਜਾਣੈ ਆਪੁ ॥ ੨੨ ॥

ਰਚੇ ਪ੍ਰਭੂ ਨੇ ਲਖਾਂ ਪਾਤਾਲ,
ਅਤੇ ਬਨਾਏ ਲਖਾਂ ਆਕਾਸ਼॥
ਅੰਤ ਰਚਨਾ ਦਾ ਲਭਦੇ ਲਭਦੇ,
ਅੰਤਿ ਥਕ ਗਏ ਵਿਦਵਾਨ ਖਾਸ॥
ਵੇਦਾ ਨੇ ਵੀ ਅੰਤ ਨਹੀ ਪਾਇਆ,
ਤੇ ਉਹ ਕਹਿਣ ਬੇਅੰਤ ਬੇਅੰਤ॥
ਹਜ਼ਾਰਾਂ ਰਿਸ਼ੀ, ਆਠਾਰਹ ਪੁਰਾਣ,
ਕਹਿਣ ਕਤੇਬਾ, ਅੰਤ ਨ ਅੰਤ ॥
ਲੇਖਾ ਹੋ ਸਕੇ ਤਾਂ ਲਿਖੀਏ, ਲਿਖਣ ਵਾਲੇ ਹੋ ਜਾਂਦੇ ਨਾਸ॥
ਉਸ ਦਾ ਲੇਖਾ ਕਦੇ ਨ ਹੁੰਦਾ,
ਲਿਖਣ ਵਾਲੇ ਦੇ ਮੁਕਦੇ ਸਾਸ॥
ਨਾਨਕ ਪ੍ਰਭ ਨੂੰ ਵਡਾ ਕਹੀਏ,
ਆਪੇ ਜਾਣੇ ਮਾਲਕ ਆਪੁ ॥੨੨॥

ਸਾਲਾਹੀ ਸਾਲਾਹਿ

ਏਤੀ ਸੁਰਤਿ ਨਾ ਪਾਈਆ ॥

ਨਦੀਆ ਅਤੈ ਵਾਹ

ਪਵਹਿ ਸਮੁੰਦਿ ਨਾ ਜਾਣੀਅਹਿ ॥

ਸਮੁੰਦ ਸਾਹ ਸੁਲਤਾਨ

ਗਿਰਹਾ ਸੇਤੀ ਮਾਲੁ ਧਨੁ ॥

ਕੀੜੀ ਤੁਲਿ ਨ ਹੋਵਨੀ

ਜੇ ਤਿਸ ਮਨਹੁ ਨ ਵੀਸਰਹਿ ॥ ੨੩ ॥

ਗੁਣ ਗਾਉਣ ਵਾਲਿਆਂ ਗੁਣ ਹੀ ਗਾਏ,
ਤੇਰਾ ਅੰਤ ਨ ਉਹਨਾ ਪਾਇਆ॥
ਗੁਣ ਗਾ ਗਾ ਤੁਧ ਵਿਚ ਸਮਾਏ,
ਤੂੰ ਬੇਅੰਤ ਬੇਅੰਤ ਹੈਂ ਰਾਇਆ॥
ਜਿਸ ਤਰਾਂ ਨਦੀਆਂ ਤੇ ਦਰਿਆ,
ਸਮੁੰਦਰ ਵਿਚ ਜਾ ਅੰਤ ਸਮਾਉਣ॥
ਪਰ ਸਮੁੰਦਰ ਕਿਡਾ ਵਡਾ, ਇਹ ਉਹ ਅੰਤ ਕਦੇ ਨਾ ਪੌਣ॥
ਵਡੇ ਰਾਜੇ ਤੇ ਸੁਲਤਾਨ, ਸਮੁੰਦਰਾਂ ਦੇ ਮਾਲਕ ਅਖਵਾਣ॥
ਪਹਾੜਾ ਜਿੰਨੀ ਧਨ ਤੇ ਦੌਲਤ, ਪਲੇ ਹੋਵੇ ਜਾਣੇ ਜਾਣ॥
ਕੀੜੀ ਦੀ ਤੁਲਨਾ ਨਹੀਂ ਰਖਦੇ,
ਮਨਹੁ ਨ ਵਿਸਰੈ ਜਿਸ ਭਗਵਾਨ ॥23॥

ਅੰਤੁ ਨ ਸਿਫਤੀ ਕਹਣਿ ਨ ਅੰਤੁ ॥
ਅੰਤੁ ਨ ਕਰਣੈ ਦੇਣਿ ਨ ਅੰਤੁ ॥
ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥
ਅੰਤੁ ਨ ਜਾਪੈ ਕਿਆ ਮਨਿ ਮੰਤੁ ॥
ਅੰਤੁ ਨ ਜਾਪੈ ਕੀਤਾ ਆਕਾਰੁ ॥
ਅੰਤੁ ਨ ਜਾਪੈ ਪਾਰਾਵਾਰੁ ॥
ਅੰਤ ਕਾਰਣਿ ਕੇਤੇ ਬਿਲਲਾਹਿ ॥
ਤਾ ਕੇ ਅੰਤ ਨ ਪਾਏ ਜਾਹਿ ॥
ਏਹੁ ਅੰਤੁ ਨ ਜਾਣੈ ਕੋਇ ॥
ਬਹੁਤਾ ਕਹੀਐ ਬਹੁਤਾ ਹੋਇ ॥
ਵਡਾ ਸਾਹਿਬੁ ਊਚਾ ਥਾਉ ॥
ਊਚੇ ਉਪਰਿ ਊਚਾ ਨਾਉ ॥
ਏਵਡੁ ਊਚਾ ਹੋਵੈ ਕੋਇ ॥
ਤਿਸੁ ਊਚੇ ਕਉ ਜਾਣੈ ਸੋਇ ॥
ਜੇਵਡੁ ਆਪਿ ਜਾਣੈ ਆਪਿ ਆਪਿ ॥
ਨਾਨਕ ਨਦਰੀ ਕਰਮੀ ਦਾਤਿ ॥ ੨੪ ॥

ਤੇਰੀਆਂ ਸਿਫਤਾਂ ਦਾ ਨਹੀਂ ਅੰਤ,
ਕਹਿ ਕਹਿ ਕੋਈ ਨ ਪਾਵੇ ਅੰਤ॥
ਤੇਰੀ ਰਚਨਾ ਦਾ ਨਹੀਂ ਅੰਤ,
ਤੇਰੀਆਂ ਦਾਤਾਂ ਸਦਾ ਬੇਅੰਤ॥
ਵੇਖਣ ਸੁਨਣ ਨ ਪਾਈਏ ਅੰਤ,
ਨ ਜਾਪੈ ਤੇਰੇ ਮਨਿ ਕੀ ਮੰਤੁ॥
ਕਿੰਨਾ ਕੀਤਾ ਤੂੰ ਆਕਾਰ,
ਅੰਤ ਨਹੀਂ ਕਿਛ ਪਾਰਾਵਾਰ॥
ਤੇਰਾ ਅੰਤ ਪਾਉਣ ਲਈ ਖੋਜਾਂ,
ਕਰਦੇ ਕਰਦੇ ਥਕ ਹੁਟ ਜਾਂਦੇ॥
ਹੋਰ ਵੀ ਲਗਦੇ ਉਹ ਥਕ ਜਾਂਦੇ,
ਤੇਰਾ ਅੰਤ ਕਦੇ ਨਹੀਂ ਪਾਂਦੇ॥
ਤੇਰਾ ਅੰਤ ਨ ਜਾਣੈ ਕੋਈ,
ਬਹੁਤਾ ਕਹੀਏ ਬਹੁਤਾ ਹੋਈ॥
ਵਡਾ ਮਾਲਕ ਉਚਾ ਥਾਨ,
ਸਭ ਤੋਂ ਵਡਾ ਤੇਰਾ ਨਾਮ॥
ਏਡਾ ਉਚਾ ਹੋਵੇ ਕੋਈ, ਤੈਨੂੰ ਸਾਹਿਬ ਜਾਣੇ ਸੋਈ॥
ਇੰਨਾ ਵਡਾ ਕੋਈ ਹੋ ਨਹੀਂ ਸਕਦਾ,
ਅੰਤ ਤੇਰਾ ਕੋਈ ਪਾ ਨਹੀਂ ਸਕਦਾ॥
ਜਿਡਾ ਵਡਾ ਤੂੰ ਹੈ ਸਾਹਿਬ,

ਤੂੰ ਹੀ ਜਾਣੇ ਆਪਣਾ ਆਪੁ॥
ਨਾਨਕ ਮਿਹਰ ਕਰੇ ਜਿਸ ਉਪਰ,
ਉਸ ਨੂੰ ਮਿਲਦੀ ਨਾਮ ਦੀ ਦਾਤਿ॥24॥

ਬਹੁਤਾ ਕਰਮੁ ਲਿਖਿਆ ਨਾ ਜਾਇ ॥
ਵਡਾ ਦਾਤਾ ਤਿਲੁ ਨ ਤਮਾਇ ॥
ਕੇਤੇ ਮੰਗਹਿ ਜੋਧ ਅਪਾਰ ॥
ਕੇਤਿਆ ਗਣਤ ਨਹੀ ਵੀਚਾਰੁ ॥
ਕੇਤੇ ਖਪਿ ਤੁਟਹਿ ਵੇਕਾਰ ॥
ਕੇਤੇ ਲੈ ਲੈ ਮੁਕਰੁ ਪਾਹਿ ॥
ਕੇਤੇ ਮੂਰਖ ਖਾਹੀ ਖਾਹਿ ॥
ਕੇਤਿਆ ਦੂਖ ਭੂਖ ਸਦ ਮਾਰ ॥
ਏਹਿ ਭਿ ਦਾਤਿ ਤੇਰੀ ਦਾਤਾਰ ॥
ਬੰਦਿ ਖਲਾਸੀ ਭਾਣੈ ਹੋਇ ॥
ਹੋਰੁ ਆਖਿ ਨ ਸਕੈ ਕੋਇ ॥
ਜੇ ਕੋ ਖਾਇਕੁ ਆਖਣਿ ਪਾਇ ॥
ਓਹੁ ਜਾਣੈ ਜੇਤੀਆ ਮੁਹਿ ਖਾਇ ॥
ਆਪੇ ਜਾਣੈ ਆਪੇ ਦੇਇ ॥
ਆਖਹਿ ਸਿ ਭਿ ਕੇਈ ਕੇਇ ॥
ਜਿਸ ਨੋ ਬਖਸੇ ਸਿਫਤਿ ਸਾਲਾਹ ॥
ਨਾਨਕ ਪਾਤਿਸਾਹੀ ਪਾਤਿਸਾਹੁ ॥ ੨੫ ॥

ਬਹੁਤੀ ਬਖਸ਼ਿਸ਼ ਲਿਖੀ ਨ ਜਾਏ,
ਵਡਾ ਦਾਤਾ ਬਿਨਾ ਤਮਾਇ॥
ਕਿਤਨੇ ਵਡੇ ਬੀਰ ਬਹਾਦਰ,
ਤੈਥੋਂ ਮੰਗਦੇ ਅੰਤ ਨ ਪਾਰ॥
ਗਿਣਤੀ ਗਿਣੀ ਨ ਜਾਇ ਸਾਹਿਬ,
ਕੀ ਕਹਿ ਕੇ ਮੈਂ ਕਰਾਂ ਵੀਚਾਰ॥
ਕਿੰਨੇ ਮਾਇਆ ਮੋਹ ਵਿਚ ਫਸ ਕੇ,
ਖਪ ਖਪ ਮਰਦੇ ਵਿਚ ਵਿਕਾਰ॥
ਕਿੰਨੇ ਲੈ ਲੈ ਮੁਕਰਦੇ ਨੇ,
ਖਾਈ ਜਾਣ ਮੂਰਖ ਗਾਵਾਰ॥
ਕਿੰਨਿਆ ਨੂੰ ਦੁਖ ਭੁਖ ਹੀ ਮਿਲਦੇ,

ਸਦਾ ਇਹਨਾ ਦੀ ਪੈਂਦੀ ਮਾਰ॥
ਇਸ ਦੁਖ ਕਾਰਨ ਭਜਨ ਚ ਲਗਦੇ,
ਇਹ ਵੀ ਦਾਤਿ ਤੇਰੀ ਦਾਤਾਰ॥
ਮਾਇਆ ਦੇ ਬੰਦੀ ਖਾਨੇ ਚੋਂ,
ਛੁਟਕਾਰਾ ਹੁਕਮੁ ਕਮਾ ਕੇ ਹੋਇ॥
ਹੋਰ ਢੰਗ ਤਰੀਕਾ ਹੈ ਨਹੀਂ,
ਇਸ ਲਈ ਆਖਿ ਨ ਸਕੈ ਕੋਇ॥
ਜੇ ਕੋਈ ਮੂਰਖ ਕਹਿ ਕੇ ਦਸੇ,
ਹੋਰ ਵੀ ਕੋਈ ਢੰਗ ਹੈ ਵੀਰ॥
ਉਹ ਜਾਣੇ ਜਿੰਨੀਆਂ ਮੁਹਿ ਖਾਏ,
ਆਤਮਾ ਕਦੇ ਨ ਲਗੇ [16]ਤੀਰ॥
ਆਪੇ ਮਾਲਕ ਸਭ ਕਿਛ ਜਾਣੇ,
ਆਪੇ ਸਭ ਨੂੰ ਦਾਤਾਂ ਦੇਵੈ॥
ਥੋੜੇ ਹਨ ਜੋ ਇਹ ਕਹਿੰਦੇ ਹਨ,
ਜਿਸ ਨੂੰ ਦੇਵੇ ਉਹੋ ਲੇਵੈ॥
ਜਿਸ ਨੂੰ ਸਾਹਿਬ ਕਿਰਪਾ ਕਰਕੇ,
ਬਖਸ਼ੇ ਆਪਨੀ ਸਿਫਤਿ ਸਾਲਾਹ॥
ਨਾਨਕ ਉਸ ਦੇ ਕੀ ਗੁਣ ਦਸਾਂ,
ਪਾਤਸ਼ਹਾਂ ਦਾ ਉਹ ਪਾਤਸ਼ਾਹ॥25॥

16. ਕੰਢੇ।

ਅਮੁਲ ਗੁਣ ਅਮੁਲ ਵਾਪਾਰ ॥
ਅਮੁਲ ਵਾਪਾਰੀਏ ਅਮੁਲ ਭੰਡਾਰ ॥
ਅਮੁਲ ਆਵਹਿ ਅਮੁਲ ਲੈ ਜਾਹਿ ॥
ਅਮੁਲ ਭਾਇ ਅਮੁਲਾ ਸਮਾਹਿ ॥
ਅਮੁਲੁ ਧਰਮੁ ਅਮੁਲੁ ਦੀਬਾਣੁ ॥
ਅਮੁਲੁ ਤੁਲੁ ਅਮੁਲੁ ਪਰਵਾਣੁ ॥
ਅਮੁਲੁ ਬਖਸੀਸ ਅਮੁਲੁ ਨੀਸਾਣੁ ॥
ਅਮੁਲੁ ਕਰਮੁ ਅਮੁਲੁ ਫੁਰਮਾਣੁ ॥
ਅਮੁਲੋ ਅਮੁਲੁ ਆਖਿਆ ਨ ਜਾਇ ॥
ਆਖਿ ਆਖਿ ਰਹੇ ਲਿਵ ਲਾਇ ॥
ਆਖਹਿ ਵੇਦ ਪਾਠ ਪੁਰਾਣ ॥
ਆਖਹਿ ਪੜੇ ਕਰਹਿ ਵਖਿਆਣ ॥
ਆਖਹਿ ਬਰਮੇ ਆਖਹਿ ਇੰਦ ॥
ਆਖਹਿ ਗੋਪੀ ਤੈ ਗੋਵਿੰਦ ॥
ਆਖਹਿ ਈਸਰ ਆਖਹਿ ਸਿਧ ॥

ਆਖਹਿ ਕੇਤੇ ਕੀਤੇ ਬੁਧ ॥
ਆਖਹਿ ਦਾਨਵ ਆਖਹਿ ਦੇਵ ॥
ਆਖਹਿ ਸੁਰਿ ਨਰ ਮੁਨਿ ਜਨ ਸੇਵ ॥
ਕੇਤੇ ਆਖਹਿ ਆਖਣਿ ਪਾਹਿ ॥
ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥
ਏਤੇ ਕੀਤੇ ਹੋਰਿ ਕਰੇਹਿ ॥
ਤਾ ਆਖਿ ਨ ਸਕਹਿ ਕੇਈ ਕੇਇ ॥
ਜੇਵਡੁ ਭਾਵੈ ਤੇਵਡੁ ਹੋਇ ॥
ਨਾਨਕ ਜਾਣੈ ਸਾਚਾ ਸੋਇ ॥
ਜੇ ਕੋ ਆਖੈ ਬੋਲੁ ਵਿਗਾੜੁ ॥
ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥

ਪ੍ਰਭੂ ਗੁਣਾਂ ਦਾ ਮੁਲ ਨਹੀਂ ਪੈਂਦਾ,
ਨਾ ਹੈ ਕੋਈ ਵਾਪਾਰ ਦਾ ਮੁਲ॥
ਅਮੁਲ ਜੋ ਵਾਪਾਰ ਇਹ ਕਰਦੇ,
ਪਵੇ ਨ ਤੇਰੇ ਭੰਡਾਰ ਦਾ ਮੁਲ॥
ਅਮੁਲ ਜੋ ਗੁਣ ਲੈਣ ਇਹ ਆਏ,
ਜੋ ਲੈ ਜਾਣ ਅਪਾਰ ਅਮੁਲ॥
ਅਮੁਲ ਜਿਨਾਂ ਤੇਰਾ ਪ੍ਰੇਮ ਪਰਾਪਤ,
ਚਰਨਿ ਸਮਾਉਣ ਦਾਤਾਰਿ ਅਮੁਲ॥
ਪ੍ਰਭ ਕੀਤਾ ਕਾਨੂੰਨ ਅਮੁਲ,
ਲਾਗੂ ਕਰੇ ਦੀਬਾਣ ਅਮੁਲ॥
ਪਰਖਨ ਦੇ ਸਾਧਨ ਅਮੁਲ,
ਜੋ ਹੁੰਦੇ ਪਰਵਾਨ ਅਮੁਲ॥
ਮਿਹਰ ਆਪ ਦੀ ਸਦਾ ਅਮੁਲ,
ਬਖਸ਼ਿਸ਼ ਦਾ ਨੀਸ਼ਾਨ ਅਮੁਲ॥
ਆਪ ਦੀ ਕੀਤੀ ਨਦਰਿ ਅਮੁਲ,
ਹੁਕਮ ਤੇਰਾ ਫੁਰਮਾਨ ਅਮੁਲ॥
ਰੱਬ ਜੀ ਤੂੰ ਹੈ ਸਦਾ ਅਮੁਲ,
ਕੀਮਤਿ ਤੇਰੀ ਕਹੀ ਨ ਜਾਏ॥
ਆਖਿ ਆਖਿ ਕੇ ਥਕ ਹੁਟ ਜਾਂਦੇ,
ਕਹਿੰਦੇ ਹਨ ਜੋ ਮੁਲ ਲਿਵ ਲਾਏ॥
ਆਖਣ ਤੈਨੂੰ ਵੇਦ, ਪੁਰਾਣ,
ਪਾਠ ਪੜਨ, ਕਰਨ ਵਖਿਆਣ॥
ਆਖਣਿ ਬ੍ਰਹਮੇ, ਆਖਣਿ ਇੰਦ,
ਆਖਣਿ ਗੋਪੀਆਂ ਅਤੇ ਗੋਵਿੰਦ॥
ਆਖਣਿ ਸਿਵ ਜੀ, ਆਖਣਿ ਸਿਧ,
ਆਖਣਿ ਕਿੰਨੇ ਬਨਾਏ ਬੁਧ॥
ਆਖਣਿ ਰਾਕਸ਼, ਆਖਣਿ ਦੇਵ,
ਮਨੁਖ, ਮੁਨੀ, ਜਨ ਲਗੇ ਸੇਵ॥

ਕਿੰਨੇ ਕਹਿ ਰਹੇ ਆਖਿ ਨਹੀਂ ਪਾਂਦੇ,
ਕਿੰਨੇ ਕਹਿ ਕਹਿ ਮਰ ਕੇ ਜਾਂਦੇ॥
ਇਤਨੇ ਕੀਤੇ ਹੋਰ ਕਰੇ, ਤਾਂ ਭੀ ਆਖਿ ਨ ਸਕੇ ਕੇ॥
ਜੇਵਡ ਭਾਵੇ ਤੇਵਡ ਤੂੰ ਹੋਇ,
ਨਾਨਕ ਜਾਣੈ ਸਾਚਾ ਸੋਇ॥
ਕੋਈ ਕਹੇ ਮੈਂ ਰੱਬ ਨੂੰ ਜਾਣ ਲਿਆ ਹੈ,
ਉਹ ਤਾਂ ਹੈ ਨਾਸਮਝ ਗਾਵਾਰ॥
ਐਸੇ ਸ੍ਰੋਮਣ ਮੂਰਖ ਨੂੰ ਸਭ,
ਆਖੋ ਗਾਵਾਰਾ ਸਿਰ ਗਵਾਰ॥੨੬॥

ਸੋ ਦਰੁ ਕੇਹਾ ਸੋ ਘਰੁ ਕੇਹਾ
ਜਿਤੁ ਬਹਿ ਸਰਬ ਸਮਾਲੇ ॥
ਵਾਜੇ ਨਾਦ ਅਨੇਕ ਅਸੰਖਾ
ਕੇਤੇ ਵਾਵਣਹਾਰੇ ॥
ਕੇਤੇ ਰਾਗ ਪਰੀ ਸਿਉ ਕਹੀਅਨਿ
ਕੇਤੇ ਗਾਵਣਹਾਰੇ ॥
ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ
ਗਾਵੈ ਰਾਜਾ ਧਰਮੁ ਦੁਆਰੇ ॥
ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ
ਲਿਖਿ ਲਿਖਿ ਧਰਮੁ ਵੀਚਾਰੇ ॥
ਗਾਵਹਿ ਈਸਰੁ ਬਰਮਾ ਦੇਵੀ
ਸੋਹਨਿ ਸਦਾ ਸਵਾਰੇ ॥
ਗਾਵਹਿ ਇੰਦ ਇਦਾਸਣਿ ਬੈਠੇ
ਦੇਵਤਿਆ ਦਰਿ ਨਾਲੇ ॥
ਗਾਵਹਿ ਸਿਧ ਸਮਾਧੀ ਅੰਦਰਿ
ਗਾਵਨਿ ਸਾਧ ਵਿਚਾਰੇ ॥
ਗਾਵਨਿ ਜਤੀ ਸਤੀ ਸੰਤੋਖੀ
ਗਾਵਹਿ ਵੀਰ ਕਰਾਰੇ ॥
ਗਾਵਨਿ ਪੰਡਿਤ ਪੜਨਿ ਰਖੀਸਰ
ਜੁਗੁ ਜੁਗੁ ਵੇਦਾ ਨਾਲੇ ॥
ਗਾਵਹਿ ਮੋਹਣੀਆ ਮਨੁ ਮੋਹਨਿ
ਸੁਰਗਾ ਮਛ ਪਇਆਲੇ ॥

ਗਾਵਨਿ ਰਤਨ ਉਪਾਏ ਤੇਰੇ
ਅਠਸਠਿ ਤੀਰਥ ਨਾਲੇ ॥
ਗਾਵਹਿ ਜੋਧ ਮਹਾਬਲ ਸੂਰਾ
ਗਾਵਹਿ ਖਾਣੀ ਚਾਰੇ ॥
ਗਾਵਹਿ ਖੰਡ ਮੰਡਲ ਵਰਭੰਡਾ
ਕਰਿ ਕਰਿ ਰਖੇ ਧਾਰੇ ॥
ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ
ਰਤੇ ਤੇਰੇ ਭਗਤ ਰਸਾਲੇ ॥
ਹੋਰ ਕੇਤੇ ਗਾਵਨਿ
ਸੇ ਮੈ ਚਿਤਿ ਨ ਆਵਨਿ
ਨਾਨਕੁ ਕਿਆ ਵੀਚਾਰੇ ॥
ਸੋਈ ਸੋਈ ਸਦਾ ਸਚੁ ਸਾਹਿਬੁ
ਸਾਚਾ ਸਾਚੀ ਨਾਈ ॥
ਹੈ ਭੀ ਹੋਸੀ ਜਾਇ ਨ ਜਾਸੀ
ਰਚਨਾ ਜਿਨਿ ਰਚਾਈ ॥
ਰੰਗੀ ਰੰਗੀ ਭਾਤੀ ਕਰਿ ਕਰਿ
ਜਿਨਸੀ ਮਾਇਆ ਜਿਨਿ ਉਪਾਈ ॥
ਕਰਿ ਕਰਿ ਵੇਖੈ ਕੀਤਾ ਆਪਣਾ
ਜਿਵ ਤਿਸ ਦੀ ਵਡਿਆਈ ॥
ਜੋ ਤਿਸੁ ਭਾਵੈ ਸੋਈ ਕਰਸੀ
ਹੁਕਮੁ ਨ ਕਰਣਾ ਜਾਈ ॥
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ
ਨਾਨਕ ਰਹਣੁ ਰਜਾਈ ॥ ੨੭ ॥

ਤੇਰਾ ਘਰ ਤੇ ਬੂਹਾ ਕੈਸਾ,
ਜਿਥੇ ਬਹਿ ਤੂ ਸਰਬ ਸਮਾਲੇ ?
ਅਨੇਕ ਬੇਅੰਤ ਨੇ ਵਾਜੇ ਵਾਜਾਂ,
ਕਿੰਨੇ ਉਹਨਾ ਵਜਾਵਨ ਵਾਲੇ ?
ਕਿੰਨੇ ਰਾਗ ਤੇ ਰਾਗਨੀਆਂ ਨੇ,
ਕਿੰਨੇ ਤੇਰੇ ਗਾਵਨ ਹਾਰੇ ?
ਗਾਉਂਦੇ ਹਵਾ, ਪਾਣੀ ਤੇ ਅਗਨੀ,
ਗਾਵੇ ਰਾਜਾ ਧਰਮੁ ਦੁਆਰੇ॥

ਜੀਵਾਂ ਦੇ ਜੋ ਕਰਮ ਲਿਖਦੇ,
ਚਿਤ੍ਰ ਗੁਪਤ ਵੀ ਗਾਉਣ ਪਿਆਰੇ॥
ਜਿੰਨਾ ਦਾ ਸਭ ਲਿਖਿਆ ਹੋਇਆ,
ਧਰਮੁ ਰਾਜ ਬਹਿ ਆਪ ਵੀਚਾਰੇ॥
ਗਾਉਂਦੇ ਸ਼ਿਵ, ਬ੍ਰਹਮਾ ਤੇ ਦੇਵੀ,
ਦਰ ਤੇਰੇ ਤੇ ਸੋਹਨਿ ਸਵਾਰੇ॥
ਗਾਵਨਿ ਇੰਦ ਸਿੰਘਾਸਣੁ ਬੈਠੇ,
ਦੇਵਤਿਆਂ ਨਾਲ ਦਰ ਤੇ ਨਾਲੇ॥
ਗਾਵਨਿ ਸਿਧ ਸਮਾਧੀ ਲਾ ਕੇ,
ਗਾਵਨ ਤੁਧਨੋ ਸਾਧ ਵਿਚਾਰੇ॥
ਗਾਉਂਦੇ ਜਤੀ, ਦਾਨੀ ਤੇ ਰਾਜੇ,
ਗਾਉਂਦੇ ਤੈਨੂੰ ਜੋਧੇ ਸਾਰੇ॥
ਵਡੇ ਰਿਸ਼ੀ ਤੇ ਵਿਦਵਾਨ ਗਾਉਂਦੇ,
ਜੁਗਾਂ ਜੁਗਾਂ ਵਿਚ ਵੇਦਾ ਨਾਲੇ॥
ਮਨ ਮੋਹਨਿ ਤੇ ਸੁੰਦਰ ਇਸਤਰੀਆਂ,
ਉਹ ਹੀ ਪ੍ਰਭੂ ਜੀ ਤੈਨੂੰ ਗਾਵਣ॥
ਧਰਤ ਪਾਤਾਲ ਤੇ ਸੁਰਗਾਂ ਅੰਦਰ,
ਗਾਈ ਜਾਣਵ ਗਾਈ ਜਾਵਣਿ॥
ਰਿੜਕ ਸਮੁੰਦਰ ਰਤਨ ਜੋ ਕਢੇ,
ਗਾਵਨਿ ਅਠਾਹਠ ਤੀਰਥਾਂ ਨਾਲੇ॥
ਗਾਵੇ ਜੋਧ ਮਹਾਬਲ ਸੂਰਾ,
ਤੈਨੂੰ ਗਾਵਨਿ ਖਾਣੀ ਚਾਰੇ॥
ਗਾਵਨਿ ਦੇਸ, ਮੰਡਲ, ਬਰਹਮੰਡ,
ਜੋ ਬਨਾ ਕੇ ਤੂੰ ਆਪੇ ਧਾਰੇ॥
ਤੁਧ ਨੂੰ ਗਾਉਂਦੇ ਜੋ ਤੁਧੁ ਭਾਵਨਿ,
ਰਸ ਭਰਪੂਰ ਤੇਰੇ ਭਗਤ ਪਿਆਰੇ॥
ਹੋਰ ਅਨੇਕਾ ਤੈਨੂੰ ਗਾਵਨਿ,
ਸੋ ਮੈਂ ਸਾਹਿਬ ਚਿਤਿ ਨ ਆਵਨਿ,
ਨਾਨਕ ਕੀ ਕੀ ਕਹਿ ਵੀਚਾਰੇ॥
ਉਹੀ ਉਹੀ ਸਦਾ ਥਿਰ ਮਾਲਕ,
ਸਚਾ ਆਪੁ ਸਚੀ ਵਡਿਆਈ॥
ਹੈ, ਭੀ, ਹੋਉ, ਨਾਸ ਨਹੀਂ ਹੁੰਦਾ,
ਸਭ ਦੁਨੀਆਂ ਹੈ ਜਿਸ ਬਨਾਈ॥
ਵਖ ਵਖ ਰੰਗਾਂ ਸ਼ਕਲਾਂ ਦੀ ਤੇ,
ਜਿਨਸਾਂ ਦੀ ਮਾਇਆ ਪ੍ਰਗਟਾਈ॥
ਸਭ ਰਚਨਾ ਨੂੰ ਆਪਿ ਚਲਾਵੇ,
ਜਿਸ ਤਰਾਂ ਸਾਹਿਬ ਦੀ ਵਡਿਆਈ॥
ਜੋ ਮਰਜੀ ਹੈ ਓਹੀ ਕਰਦਾ,
ਉਸ ਤੇ ਹੁਕਮ ਨ ਕਰਨਾ ਜਾਈ॥
ਪਾਤਸ਼ਾਹਾਂ ਸਿਰ ਪਾਤਸ਼ਾਹ ਮਾਲਕ,
ਨਾਨਕ ਉਸਦੀ ਰਹੋ [17]ਰਜਾਈ॥27॥

17. ਹੁਕਮ ਵਿਚ।

## ਆਈ ਪੰਥੀ ਸਗਲ ਜਮਾਤੀ
## ਮਨਿ ਜੀਤੈ ਜਗੁ ਜੀਤੁ ॥

ਆਦੇਸੁ ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ ॥ ੨੮ ॥

ਯਕੀਨ ਕਿ ਰੱਬ ਹੈ, ਇਹ ਫੜ ਡੰਡਾ,
ਇਹ ਜੁਗਤੀ ਤੂੰ ਅਪਨਾ ਜੋਗੀ॥
ਵਡਾ ਪੰਥ ਇਹ, ਹੋ ਸਮ ਦ੍ਰਿਸਟਾ,
ਮਨ ਜਿਤ ਜਗ ਤੇ ਜਿਤ ਪਾ ਜੋਗੀ॥
ਉਸ ਸਾਹਿਬ ਨੂੰ ਨਮਸਕਾਰ॥
ਜੋ ਮੁੱਢ ਤੋਂ ਹੈ, ਨਿਰਮਲ ਨਿਰਮਲ,
ਜਿਸ ਦਾ ਮੁਢ ਨਹੀਂ, ਨਾਸ਼ ਨਹੀਂ ਹੁੰਦਾ,
ਜੁਗਾਂ ਜੁਗਾਂ ਵਿਚ [18]ਇਕੋ ਤਾਰ॥28॥

18. ਇਕ ਰਸ

ਭੁਗਤਿ ਗਿਆਨੁ ਦਇਆ ਭੰਡਾਰਣਿ
ਘਟਿ ਘਟਿ ਵਾਜਹਿ ਨਾਦ ॥
ਆਪਿ ਨਾਥੁ ਨਾਥੀ ਸਭ ਜਾ ਕੀ
ਰਿਧਿ ਸਿਧਿ ਅਵਰਾ ਸਾਦ ॥
ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ
ਲੇਖੇ ਆਵਹਿ ਭਾਗ ॥
ਆਦੇਸੁ ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ ॥ ੨੯ ॥

ਗਿਆਨ ਦਾ ਭੋਜਨ ਵੰਡੋ ਜੋਗੀ,
ਦਇਆ ਬਨਾਵੋ ਵਰਤਾਵੀ॥
ਘਟਿ ਘਟਿ ਵਜਦਾ ਨਾਦ ਪ੍ਰਭੂ ਦਾ,
ਸੁਣਿ ਮਨ [19]ਖੀਵਾ ਹੋ ਜਾਵੀ॥
ਰਚਨਾ ਨੂੰ ਜਿਸ ਨੇ ਨੱਥ ਪਾਈ,
ਉਹ ਮਾਲਕ ਹੈ ਉਸ ਨੂੰ ਜਾਣ॥
ਰਿਧਿ ਸਿਧਿ ਹੋਰ ਸਵਾਦ ਨੇ ਭਾਈ,
ਲਗਨ ਨ ਦੇਣ ਇਹ ਪ੍ਰਭਿ ਧਿਆਨ॥
ਰਬ ਨਾਲ ਜੁੜਨਾ ਤੇ ਵਿਛੁੜਨਾ,
ਦੋਹਾਂ ਨਾਲ ਉਹ ਕਾਰ ਚਲਾਵੇ॥
ਜਿਨ ਜੋੜੇ ਉਹਨਾਂ ਚਰਨਿ ਨਿਵਾਸ,
ਆਵਾਗਵਣ ਹੀ ਕਟਿਆ ਜਾਵੇ॥
ਜਿਨ੍ਹਾਂ ਵਿਛੋੜੇ ਧਕੇ ਖਾਣ,
ਆਵਾਗਵਣ ਦੇ ਵਿਚ ਘੁਮਾਵੇ॥
ਲੇਖੇ ਵਿਚ ਹੈ ਮੇਲ, ਵਿਛੋੜਾ,
ਕਰਮ ਵੇਖ ਕੇ ਭਾਗ ਬਨਾਵੇ॥
ਉਸ ਸਾਹਿਬ ਨੂੰ ਨਮਸਕਾਰ॥

ਜੋ ਮੁਢ ਤੋਂ ਹੈ, ਨਿਰਮਲ ਨਿਰਮਲ,
ਜਿਸ ਦਾ ਮੁਢ ਨਹੀਂ, ਨਾਸ਼ ਨਹੀਂ ਹੁੰਦਾ,
ਜੁਗਾਂ ਜੁਗਾਂ ਵਿਚ ਇਕੋ ਤਾਰ॥੨੯॥
19. ਅਲਮਸਤ, ਅਨੰਦ ਮਈ।

## ਏਕਾ ਮਾਈ ਜੁਗਤਿ ਵਿਆਈ
## ਤਿਨਿ ਚੇਲੇ ਪਰਵਾਣੁ ॥
## ਇਕੁ ਸੰਸਾਰੀ ਇਕੁ ਭੰਡਾਰੀ
## ਇਕੁ ਲਾਏ ਦੀਬਾਣੁ ॥
## ਜਿਵ ਤਿਸੁ ਭਾਵੈ ਤਿਵੈ ਚਲਾਵੈ
## ਜਿਵ ਹੋਵੈ ਫੁਰਮਾਣੁ ॥
## ਓਹੁ ਵੇਖੈ ਓਨਾ ਨਦਰਿ ਨ ਆਵੈ
## ਬਹੁਤਾ ਏਹੁ ਵਿਡਾਣੁ ॥
## ਆਦੇਸੁ ਤਿਸੈ ਆਦੇਸੁ ॥
## ਆਦਿ ਅਨੀਲੁ ਅਨਾਦਿ ਅਨਾਹਤਿ
## ਜੁਗੁ ਜੁਗੁ ਏਕੋ ਵੇਸੁ ॥ ੩੦ ॥

ਤੁਸੀ ਮੰਨੋ ਕਿ ਇਕ ਮਾਈ,
ਢੰਗ ਤਰੀਕੇ ਗਈ ਵਿਆਈ॥
ਤਿੰਨ ਬਚੇ ਉਸ ਨੇ ਜੰਮ ਦਿੱਤੇ॥
ਵਖਰੀ ਵਖਰੀ ਕਾਰੇ ਲਾਈ॥
ਇਕ ਬਨਾਵੇ ਤੇ ਇਕ ਪਾਲੇ,
ਇਕ ਸਭਨਾਂ ਦੀ ਕਢੇ ਜਾਨ॥
ਇਸ ਸਿਧਾਂਤ ਨਾਲ ਨਹੀਂ ਸਹਿਮਤ,
ਮੇਰਾ ਮਾਲਕ ਇਕੋ ਜਾਣ॥
ਆਪਣੇ ਹੁਕਮਿ ਚਲਾਏ ਰਚਨਾ,
ਜਿਵੇਂ ਹੋਵੇ ਉਸ ਦਾ ਫੁਰਮਾਨ॥
ਸਭ ਨੂੰ ਵੇਖੇ ਅਤੇ ਚਲਾਵੇ,
ਆਪਣੀ ਮਰਜੀ ਜਾਣੀ ਜਾਣ॥
ਪਰ ਉਸ ਨੂੰ ਇਹ ਜੀਵ ਨ ਵੇਖਣ,
ਬਹੁਤਾ ਉਸ ਦਾ ਇਹ [੨੦]ਵਿਡਾਣ॥
ਉਸ ਸਾਹਿਬ ਨੂੰ ਨਮਸਕਾਰ॥
ਜੋ ਮੁਢ ਤੋਂ ਹੈ, ਨਿਰਮਲ ਨਿਰਮਲ,
ਜਿਸ ਦਾ ਮੁਢ ਨਹੀਂ, ਨਾਸ਼ ਨਹੀਂ ਹੁੰਦਾ,
ਜੁਗਾਂ ਜੁਗਾਂ ਵਿਚ ਇਕੋ ਤਾਰ॥30॥
੨0. ਅਸਚਰਜ ਕੌਤਕ।

## ਆਸਣੁ ਲੋਇ ਲੋਇ ਭੰਡਾਰ ॥
## ਜੋ ਕਿਛੁ ਪਾਇਆ ਸੁ ਏਕਾ ਵਾਰ ॥

ਕਰਿ ਕਰਿ ਵੇਖੈ ਸਿਰਜਣਹਾਰੁ ॥
ਨਾਨਕ ਸਚੇ ਕੀ ਸਾਚੀ ਕਾਰ ॥
ਆਦੇਸੁ ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ ॥ ੩੧ ॥

ਸਾਰੇ ਸਮਾਇਆ ਮੇਰਾ ਮਾਲਕ,
ਹਰ ਲੋਅ ਉਸ ਦੇ ਹੈਣ ਭੰਡਾਰ॥
ਜੋ ਵੀ ਚੀਜ਼ਾਂ ਰਚਨਾ 'ਚ ਪਾਈਆਂ,
ਸਾਹਿਬ ਪਾਈਆਂ ਇਕੋ ਵਾਰ॥
ਕਰਿ ਕਰਿ ਵੇਖੇ ਸਾਰੀ ਰਚਨਾ,
ਇਕੋ ਸਾਹਿਬ ਸਿਰਜਨਹਾਰ॥
ਮੇਰਾ ਮਾਲਕ ਸਚਾ ਹੈ,
ਤੇ ਸਚੀ ਕੀਤੀ ਉਸ ਦੀ ਕਾਰ॥
ਉਸ ਸਾਹਿਬ ਨੂੰ ਨਮਸਕਾਰ॥
ਜੋ ਮੁਢ ਤੋਂ ਹੈ, ਨਿਰਮਲ ਨਿਰਮਲ,
ਜਿਸ ਦਾ ਮੁਢ ਨਹੀਂ, ਨਾਸ਼ ਨਹੀਂ ਹੁੰਦਾ,
ਜੁਗਾਂ ਜੁਗਾਂ ਵਿਚ ਇਕੋ ਤਾਰ॥31॥

ਇਕ ਦੂ ਜੀਭੌ ਲਖ ਹੋਹਿ
ਲਖ ਹੋਵਹਿ ਲਖ ਵੀਸ ॥
ਲਖੁ ਲਖੁ ਗੇੜਾ ਆਖੀਅਹਿ
ਏਕੁ ਨਾਮੁ ਜਗਦੀਸ ॥
ਏਤੁ ਰਾਹਿ ਪਤਿ ਪਵੜੀਆ
ਚੜੀਐ ਹੋਇ ਇਕੀਸ ॥
ਸੁਣਿ ਗਲਾ ਆਕਾਸ ਕੀ
ਕੀਟਾ ਆਈ ਰੀਸ ॥
ਨਾਨਕ ਨਦਰੀ ਪਾਈਐ
ਕੂੜੀ ਕੂੜੈ ਠੀਸ ॥ ੩੨ ॥

ਇਕ ਜੀਭ ਦੀਆਂ ਲਖਾਂ ਹੋਵਣ,
ਹਰ ਇਕ ਹੋ ਜਾਏ ਫਿਰ ਲਖ ਬੀਸ॥
ਹਰ ਇਕ ਨਾਲ ਜੇ ਲਖ ਲਖ ਵਾਰੀ,
ਕਹੀਏ ਇਕ ਨਾਮੁ ਜਗਦੀਸ॥
ਕਹਿੰਦੇ ਰਹੀਏ ਜਪਦੇ ਰਹੀਏ,
ਨਾਮ ਪ੍ਰਭੂ ਦਾ ਸਦਾ ਹੀ ਨੀਤ॥
ਇਹ ਹੈ ਰਸਤਾ ਪ੍ਰਭੂ ਮਿਲਾਪ,

ਚੜੋ ਪੌੜੀਆਂ ਹੋਹੋ [੨੧]ਇਕੀਸ॥
ਆਕਾਸ਼ਾਂ ਦੀਆਂ ਸੁਣਿ ਸੁਣਿ ਗਲਾਂ,
ਕੀੜਿਆਂ ਨੂੰ ਵੀ ਆਵੇ ਰੀਸ॥
ਨਾਨਕ ਮਿਹਰ ਤੇ ਮਿਲਦਾ ਮਾਲਕ,
ਹੋਰ ਝੂਠੇ ਦੀ ਝੂਠੀ [੨੨]ਠੀਸ॥੩੨॥

੨੧. ਇਕਮਿਕ-ਈਸ਼ਵਰ ਨਾਲ, ੨੨. ਆਸਰਾ।

## ਆਖਣਿ ਜੋਰੁ ਚੁਪੈ ਨਹ ਜੋਰੁ ॥
## ਜੋਰੁ ਨ ਮੰਗਣਿ ਦੇਣਿ ਨ ਜੋਰੁ ॥
## ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥
## ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥
## ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥
## ਜੋਰੁ ਨ ਜੁਗਤੀ ਛੁਟੈ ਸੰਸਾਰੁ ॥
## ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥
## ਨਾਨਕ ਉਤਮੁ ਨੀਚੁ ਨ ਕੋਇ ॥ ੩੩ ॥

ਨਾਮੁ ਜਪਣ 'ਚ ਮਰਜੀ ਨਹੀਂ ਚਲਦੀ,
ਚੁਪ ਰਹਿਣ ਵਿਚ ਚਲੇ ਨਾ ਜੋਗ॥
ਮੰਗਣ ਵਿਚ ਵੀ ਮਰਜੀ ਨਹੀਂ ਚਲਦੀ,
ਦੇਣ ਵਿਚ ਵੀ ਚਲੇ ਨਾ ਜੋਗ॥
ਜਿਉਣਾ ਵੀ ਵਸਿ ਨਹੀਂ ਕਿਸੇ ਦੇ,
ਮਰਨ ਵਿਚ ਵੀ ਚਲੇ ਨਾ ਜੋਗ॥
ਹਰ ਕੋਈ ਰਾਜ ਲੈਣ ਲਈ ਕਾਹਲਾ,
ਧਨ ਦੌਲਤ ਲਈ ਮਨ ਵਿਚ ਜ਼ੋਰ॥
ਇਹ ਲੈਣ ਵਿਚ ਮਰਜੀ ਨਹੀਂ ਚਲਦੀ,
ਹੋਣ ਪਰਾਪਤ ਚਲੇ ਨਾ ਜੋਗ॥
ਸੁਰਤਿ ਜੋੜਨ ਵਿਚ ਮਰਜੀ ਨਹੀਂ ਚਲਦੀ,
ਗਿਆਨ ਮਿਲਣ ਵਿਚ ਚਲੇ ਨਾ ਜੋਗ॥
ਜੋਰ ਨਾਲ ਨਾ ਢੰਗ ਪ੍ਰਾਪਤ,
ਜਿਸ ਢੰਗ ਨਾਲ ਛੁਟੇ ਸੰਸਾਰ॥
ਜਿਸ ਹਥਿ ਜੋਰ ਉਹੀ ਕਰਿ ਵੇਖੇ,
ਕਰਿ ਕਰਿ ਵੇਖੇ ਸਿਰਜਣਹਾਰ॥
ਆਪਣੇ ਜਤਨੀ ਉਚਾ ਨ ਨੀਚ,
ਜਿਵੇਂ ਕਰੇ ਨਾਨਕ ਕਰਤਾਰ॥੩੩॥

## ਰਾਤੀ ਰੁਤੀ ਥਿਤੀ ਵਾਰ ॥
## ਪਵਣ ਪਾਣੀ ਅਗਨੀ ਪਾਤਾਲ ॥
## ਤਿਸੁ ਵਿਚਿ ਧਰਤੀ
## ਥਾਪਿ ਰਖੀ ਧਰਮ ਸਾਲ ॥

ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥
ਤਿਨ ਕੇ ਨਾਮ ਅਨੇਕ ਅਨੰਤ ॥
ਕਰਮੀ ਕਰਮੀ ਹੋਇ ਵੀਚਾਰੁ ॥
ਸਚਾ ਆਪਿ ਸਚਾ ਦਰਬਾਰੁ ॥
ਤਿਥੈ ਸੋਹਨਿ ਪੰਚ ਪਰਵਾਣੁ ॥
ਨਦਰੀ ਕਰਮਿ ਪਵੈ ਨੀਸਾਣੁ ॥
ਕਚ ਪਕਾਈ ਓਥੈ ਪਾਇ ॥
ਨਾਨਕ ਗਇਆ ਜਾਪੈ ਜਾਇ ॥ ੩੪ ॥

ਰਾਤਾਂ ਨੇ ਰੁਤਾਂ ਨੇ ਵੇਖੋ, ਥਿਤਾਂ ਉਸ ਬਨਾਏ ਵਾਰ॥
ਪਵਣ, ਪਾਣੀ ਤੇ ਅਗਨਿ ਬਨਾਈ,
ਉਸ ਬਨਾਏ ਆਕਾਸ਼, ਪਾਤਾਲ॥
ਸੂਰਜ ਮੰਡਲ ਪ੍ਰਭੂ ਬਨਾਕੇ,
ਧਰਤੀ ਥਾਪਿ ਦਿਤੀ ਧਰਮਸਾਲ॥
ਇਸ ਵਿਚ ਕਈ ਜੀਆਂ ਦੇ ਰੰਗ,
ਜੁਗਤੀਆਂ ਦਾ ਵੀ ਪਵੇ ਨਾ ਅੰਤ॥
ਨਾਮ ਉਹਨਾਂ ਦੇ ਗਿਣੇ ਨਾ ਜਾਵਣ,
ਸਭ ਕੁਛ ਹੈ ਅਨੇਕ ਅਨੰਤ॥
ਜੀਵ ਦੇ ਕੀਤੇ ਕਰਮਾਂ ਉਤੇ, ਅਗੇ ਹੁੰਦੀ ਹੈ ਵੀਚਾਰ॥
ਸਚਾ ਮੇਰਾ ਸਾਹਿਬ ਹੈ ਤੇ, ਸਚਾ ਹੈ ਉਸ ਦਾ ਦਰਬਾਰ॥
ਹਰ ਇਕ ਨੂੰ ਇਨਸਾਫ ਹੈ ਮਿਲਦਾ,
ਜੋ ਪਰਵਾਨਿ ਸੁਭਾਇਮਾਣ॥
ਸ੍ਰੇਸ਼ਟ ਜਨ ਹਨ ਸੋਭਾ ਪਾਉਂਦੇ,
ਜੀਵਨ ਵਿਚ ਜਿਨ ਮੰਨਿਆ ਨਾਮੁ॥
ਨਦਰਿ ਵਾਲੇ ਦੀ ਮਿਹਰ ਦਾ ਸਦਕਾ,
ਮਿਲਦਾ ਬਖਸ਼ਿਸ਼ ਦਾ ਨੀਸ਼ਾਨ॥
ਉਥੇ ਜਾ ਕੇ ਸਭ ਦਿਸ ਪੈਂਦਾ,
ਕੌਣ ਹੈ ਕੱਚਾ ਕੌਣ ਹੈ ਪੱਕਾ॥
ਜਿਸ ਨੂੰ ਬਖਸ਼ਿ ਮਿਲਾਏ ਪੱਕਾ,
ਨਾਨਕੇ ਧਕੇ ਖਾਏ ਕੱਚਾ॥34॥

ਧਰਮ ਖੰਡ ਕਾ ਏਹੋ ਧਰਮੁ ॥
ਗਿਆਨ ਖੰਡ ਕਾ ਆਖਹੁ ਕਰਮੁ ॥
ਕੇਤੇ ਪਵਣ ਪਾਣੀ ਵੈਸੰਤਰ
ਕੇਤੇ ਕਾਨ ਮਹੇਸ ॥

ਕੇਤੇ ਬਰਮੇ ਘਾੜਤਿ ਘੜੀਅਹਿ

ਰੂਪ ਰੰਗ ਕੇ ਵੇਸ ॥

ਕੇਤੀਆ ਕਰਮ ਭੂਮੀ ਮੇਰ ਕੇਤੇ

ਕੇਤੇ ਧੂ ਉਪਦੇਸ ॥

ਕੇਤੇ ਇੰਦ ਚੰਦ ਸੂਰ ਕੇਤੇ

ਕੇਤੇ ਮੰਡਲ ਦੇਸ ॥

ਕੇਤੇ ਸਿਧ ਬੁਧ ਨਾਥ ਕੇਤੇ

ਕੇਤੇ ਦੇਵੀ ਵੇਸ ॥

ਕੇਤੇ ਦੇਵ ਦਾਨਵ ਮੁਨਿ ਕੇਤੇ

ਕੇਤੇ ਰਤਨ ਸਮੁੰਦ ॥

ਕੇਤੀਆ ਖਾਣੀ ਕੇਤੀਆ ਬਾਣੀ

ਕੇਤੇ ਪਾਤ ਨਰਿੰਦ ॥

ਕੇਤੀਆ ਸੁਰਤੀ ਸੇਵਕ ਕੇਤੇ

ਨਾਨਕ ਅੰਤੁ ਨ ਅੰਤੁ ॥ ੩੫ ॥

ਧਰਮ ਖੰਡ ਦਾ ਇਹੀ ਅਸੂਲ,
ਗਿਆਨ ਖੰਡ ਦਾ ਆਖਾਂ ਮੂਲ।।
ਕਿੰਨੇ ਤਰਾਂ ਦਾ ਪਾਣੀ ਹੈ ਤੇ,
ਕਿੰਨੇ ਤਰਾਂ ਦੀ ਅਗਨੀ ਭਾਈ।।
ਕਿੰਨੇ ਕ੍ਰਿਸਨ ਤੇ ਸ਼ਿਵ ਜੀ ਕਿੰਨੇ,
ਇਹ ਗਿਣਤੀ ਤਾਂ ਗਿਣੀ ਨਾ ਜਾਈ।।
ਕਿੰਨੇ ਬ੍ਰਹਮੇ ਜੀਵ ਬਨਾਉਂਦੇ,
ਕਿੰਨੇ ਜੀਵਾਂ ਦੇ ਰੰਗ ਤੇ ਵੇਸ।।
ਕਿੰਨੀਆਂ ਧਰਤੀਆਂ, ਪਰਬਤ ਕਿੰਨੇ,
ਕਿੰਨੇ ਹਨ ਧ੍ਰੂ ਤਾਰੇ ਵੇਖ।।
ਕਿੰਨੇ ਇੰਦਰ, ਚੰਦ ਨੇ ਕਿੰਨੇ,
ਕਿੰਨੇ ਸੂਰਜ, ਮੰਡਲ ਦੇਸ।।
ਕਿੰਨੇ ਸਿਧ ਤੇ ਕਿੰਨੇ ਬੁਧ ਨੇ,
ਕਿੰਨੇ ਨਾਥ ਤੇ ਦੇਵੀ ਵੇਸ।।
ਦੇਵਤੇ ਕਿੰਨੇ, ਰਾਕਸ਼ ਕਿੰਨੇ,
ਕਿੰਨੇ ਮੁਨੀ ਤੇ ਰਤਨ ਸਮੁੰਦ।।
ਖਾਣੀਆਂ ਕਿੰਨੀਆਂ, ਬੋਲੀਆਂ ਕਿੰਨੀਆਂ,
ਕਿੰਨੇ ਰਾਜੇ ਅਤੇ [23]ਨਰਿੰਦ।।
ਕਿੰਨੀਆਂ ਸੁਰਤਾਂ, ਸੇਵਕ ਕਿੰਨੇ,
ਨਾਨਕ ਅੰਤ ਨ ਆਵੇ ਅੰਤ।।
ਗਿਣਤੀ ਮੁਕਦੀ, ਮਿਣਤੀ ਮੁਕਦੀ,
ਕੀਤੀ ਰਚਨਾ ਸਦਾ ਬੇਅੰਤ।।35।।

23. ਪਾਤਸ਼ਾਹ।

ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥
ਤਿਥੈ ਨਾਦ ਬਿਨੋਦ ਕੋਡ ਅਨੰਦੁ ॥
ਸਰਮ ਖੰਡ ਕੀ ਬਾਣੀ ਰੂਪੁ ॥
ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥
ਤਾ ਕੀਆ ਗਲਾ ਕਥੀਆ ਨਾ ਜਾਹਿ ॥
ਜੇ ਕੋ ਕਹੈ ਪਿਛੈ ਪਛੁਤਾਇ ॥
ਤਿਥੈ ਘੜੀਐ ਸੁਰਤਿ
ਮਤਿ ਮਨਿ ਬੁਧਿ ॥
ਤਿਥੈ ਘੜੀਐ ਸੁਰਾ
ਸਿਧਾ ਕੀ ਸੁਧਿ ॥ ੩੬ ॥

ਗਿਆਨ ਖੰਡ ਵਿਚ ਗਿਆਨ ਉਪਜਦਾ,
ਉਪਜੀ ਜਾਵੇ ਹੋਰ ਗਿਆਨ॥
ਅਗੇ ਹੋਰ ਜਾ ਸੋਝੀ ਪੈਂਦੀ,
ਮਨ ਆਨੰਦ ਮਾਣੇ ਇਹ ਜਾਣ॥
ਕਰੋੜਾਂ ਕੌਤਕ ਅਤੇ ਤਮਾਸ਼ਿਆਂ ਦਾ,
ਰੰਗ ਮਾਣੇ ਮਨ ਹੈਰਾਨ॥
ਸਰਮ ਖੰਡ ਦੀ ਕਹਾਂ ਬਨਾਵਟ,
ਉਹ ਤਾਂ ਭਾਈ ਬਹੁਤ ਅਨੂਪ॥
ਐਸੀ ਘਾੜਤ ਮਨ ਦੀ ਬਣਦੀ,
ਕਹਣ ਨ ਜਾਈ ਉਸ ਦਾ ਰੂਪ॥
ਸੋਭਾ ਐਸੀ ਕਥੀ ਨ ਜਾਇ,
ਜੇ ਕੋਈ ਕਹੈ ਪਿਛੇ ਪਛੁਤਾਇ॥
ਓਥੈ ਘੜੀਏ ਮਨ ਵਿਚ ਮਤਿ,
ਘੜੀਏ ਸੋਝੀ ਮਨ ਵਿਚ ਬੁਧਿ॥
ਦੇਵਤਿਆਂ ਜਹੀ ਮਤਿ ਬਣ ਜਾਵੇ,
ਆ ਜਾਵੇ ਸਿਧਾਂ ਜਹੀ ਸੁਧਿ॥36॥

ਕਰਮ ਖੰਡ ਕੀ ਬਾਣੀ ਜੋਰੁ ॥
ਤਿਥੈ ਹੋਰੁ ਨ ਕੋਈ ਹੋਰੁ ॥
ਤਿਥੈ ਜੋਧ ਮਹਾਬਲ ਸੂਰ ॥
ਤਿਨ ਮਹਿ ਰਾਮੁ ਰਹਿਆ ਭਰਪੂਰ ॥

ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥
ਤਾ ਕੇ ਰੂਪ ਨ ਕਥਨੇ ਜਾਹਿ ॥
ਨਾ ਓਹਿ ਮਰਹਿ ਨ ਠਾਗੇ ਜਾਹਿ ॥
ਜਿਨ ਕੈ ਰਾਮੁ ਵਸੈ ਮਨ ਮਾਹਿ ॥
ਤਿਥੈ ਭਗਤ ਵਸਹਿ ਕੇ ਲੋਅ ॥
ਕਰਹਿ ਅਨੰਦੁ ਸਚਾ ਮਨਿ ਸੋਇ ॥
ਸਚ ਖੰਡਿ ਵਸੈ ਨਿਰੰਕਾਰੁ ॥
ਕਰਿ ਕਰਿ ਵੇਖੈ ਨਦਰਿ ਨਿਹਾਲ ॥
ਤਿਥੈ ਖੰਡ ਮੰਡਲ ਵਰਭੰਡ ॥
ਜੇ ਕੋ ਕਥੈ ਤ ਅੰਤ ਨ ਅੰਤ ॥
ਤਿਥੈ ਲੋਅ ਲੋਅ ਆਕਾਰ ॥
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥
ਵੇਖੈ ਵਿਗਸੈ ਕਰਿ ਵੀਚਾਰੁ ॥
ਨਾਨਕ ਕਥਨਾ ਕਰੜਾ ਸਾਰੁ ॥ ੩੭ ॥

ਬਖਸਿਸ ਦਾ ਹੈ ਖੰਡ ਨਿਰਾਲਾ,
ਅਜਬ ਬਨਾਵਟ ਬਹੁਤਾ ਜੋਗ॥
ਬਖਸੇ ਹੋਏ ਓਥੈ ਵਸਦੇ,
ਪਹੁੰਚ ਨਾ ਸਕਦਾ ਕੋਈ ਹੋਰ॥
ਮਹਾਬਲੀ ਸੂਰ ਤੇ ਜੋਧੇ ਵਸਦੇ,
ਜਿਨ ਵਿਚ ਪ੍ਰਗਟ ਰੱਬ, ਨਹੀਂ [24]ਕੋਰ॥
ਪ੍ਰਭੂ ਸੋਭਾ ਵਿਚ ਸੀਤੇ ਰਹਿੰਦੇ,
ਗੁਣ ਗਾਉਣ ਵਿਚ ਸਦਾ ਹੀ ਮਸਤ॥
ਰੂਪ ਉਹਨਾਂ ਦਾ ਕਹਿ ਨਹੀਂ ਸਕਦਾ,
ਨਾਮਿ ਲੀਨ ਹੋਏ [25]ਅਲਮਸਤ॥
ਮਾਇਆ ਦੇ ਮੋਹ ਵਿਚ ਨਹੀਂ ਮਰਦੇ,
ਨਾ ਮਾਇਆ ਤੋਂ ਠਗੇ ਜਾਂਦੇ॥
ਰਾਮ ਜਿਨ੍ਹਾਂ ਦੇ ਮਨ ਵਿਚ ਵਸਦਾ,
ਰਚਨਾ ਨਾਲ ਉਹ ਮੋਹ ਨਹੀਂ ਪਾਂਦੇ॥
ਇਸ ਅਵਸਥਾ ਵਿਚ ਉਹਨਾਂ ਦਿਸਦੇ,
ਦੇਸ ਤੇ ਮੰਡਲ ਬਹੁਤ ਬੇਅੰਤ।
ਗਿਣਤੀਓਂ ਬਾਹਰ ਮਿਣਤੀਓਂ ਬਾਹਰ,
ਕੋਈ ਨਾ ਜਾਣੇ ਇਸ ਦਾ ਅੰਤ॥
ਸਾਰੇ ਮੰਡਲ, ਲੋਅ, ਆਕਾਰ,
ਹੁਕਮ ਪ੍ਰਭੂ ਵਿਚ ਕਰਦੇ ਕਾਰ॥
ਖਿੜਿਆ ਮਾਲਕ ਸਭ ਚਲਾਵੇ,
ਸਭ ਨੂੰ ਤੋਰੇ ਕਰਿ ਵੀਚਾਰੁ॥
ਇਸ ਤੋਂ ਵਧ ਜੋ ਨਾਨਕ ਕਹਿਣਾ,

ਇਹ ਤਾ ਚਬਨਾ ਕਰੜਾ [26]ਸਾਰੁ॥37॥

24. ਨੁਕਸ, ਕਮੀ, 25. ਪੂਰੇ ਮਸਤ, ਆਨੰਦ ਵਿਚ, 26. ਲੋਹਾ।

ਜਤੁ ਪਾਹਾਰਾ ਧੀਰਜੁ ਸੁਨਿਆਰੁ ॥
ਅਹਰਣਿ ਮਤਿ ਵੇਦੁ ਹਥੀਆਰੁ ॥
ਭਉ ਖਲਾ ਅਗਨਿ ਤਪ ਤਾਉ ॥
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥
ਘੜੀਐ ਸਬਦੁ ਸਚੀ ਟਕਸਾਲ ॥
ਜਿਨ ਕਉ ਨਦਰਿ ਕਰਮੁ ਤਿਨ ਕਾਰ ॥
ਨਾਨਕ ਨਦਰੀ ਨਦਰਿ ਨਿਹਾਲ ॥ ੩੮ ॥

ਮਨਾ ਪਾ ਆਚਾਰ ਦੀ ਹੱਟੀ, ਇੰਦਰੀਆਂ ਕਾਬੂ ਰੱਖ ਵੀਰ॥
ਭੈੜੀ ਸੋਚ ਨੂੰ ਮਨੋ ਹਟਾ, ਰਖ ਸੁਨਿਆਰੇ ਦਾ ਤੂੰ ਧੀਰ॥
ਗਰਮੀ ਵਿਚ ਅੱਗ ਲਾਗੇ ਬੈਠਾ,
ਦਿਲ ਨਾ ਛਡੇ ਲਗਾ ਜਾਵੇ॥
ਮੁੜਕੋ ਮੁੜਕੀ ਗਹਿਣੇ ਘੜਦਾ,
ਇਹ ਢੰਗ ਤੈਨੂੰ ਰਸਤੇ ਪਾਵੇ॥
ਮਤਿ ਦੀ ਅਹਰਣ ਤੇ ਘੜ ਘਾੜਤ,
ਗਿਆਨ ਹਥੋੜੀ ਦੀ ਸਟ ਲਾ॥
ਧਉਕਣੀ ਰਖ ਤੂੰ ਕਰਮ ਦੇ ਫਲ ਦੀ,
ਮਨ ਨੂੰ ਐਬ ਤੋਂ ਪਿਛੇ ਹਟਾ॥
ਗੁਰੂ ਸ਼ਬਦ ਦਾ ਹੁਕਮ ਤੂੰ ਮੰਨ,
ਇਹ ਤਪ ਸਾਧ, ਇਹ ਅੱਗ ਬਣਾ॥
ਪ੍ਰੇਮ ਭਾਵਨਾ ਮਨ ਵਿਚ ਰੱਖ,
ਭਾਂਡਾ ਇਹ ਪ੍ਰੇਮ ਬਣਾ॥
ਇਸ ਤਰਾਂ ਸੋਨਾ ਨਾਮ ਦਾ ਢਾਲ,
ਜੀਵਨ ਨੂੰ ਘੜ, ਇਹ ਟਕਸਾਲ॥
ਮਿਹਰ ਪ੍ਰਭੂ ਜੀ ਜਿਹਨਾ ਤੇ ਹੋਵੇ,
ਓਹੀ ਕਰ ਸਕਦੇ ਇਹ ਕਾਰ॥
ਜਿਹੜੇ ਕਰਦੇ ਉਹ ਫਲ ਪਾਉਂਦੇ,
ਨਾਨਕ ਨਦਰੀ ਨਦਰਿ ਨਿਹਾਲ॥38॥

ਸਲੋਕੁ ॥
ਪਵਣੁ ਗੁਰੂ ਪਾਣੀ ਪਿਤਾ
ਮਾਤਾ ਧਰਤਿ ਮਹਤੁ ॥
ਦਿਵਸੁ ਰਾਤਿ ਦੁਇ ਦਾਈ ਦਾਇਆ

ਖੇਲੈ ਸਗਲ ਜਗਤੁ ॥
ਚੰਗਿਆਈਆ ਬੁਰਿਆਈਆ
ਵਾਚੈ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥
ਜਿਨੀ ਨਾਮੁ ਧਿਆਇਆ
ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ
ਕੇਤੀ ਛੁਟੀ ਨਾਲਿ ॥ ੧ ॥

ਸਲੋਕ॥
ਰਚਨਾ ਵਿਚ ਹਵਾ ਹੈ ਵਡੀ, ਪਾਣੀ ਪਿਤਾ ਧਰਤ ਹੈ ਮਾਤਾ॥
ਦਿਨ ਤੇ ਰਾਤ ਖਡਾਉਂਦੇ ਜੀਵਾਂ,
ਐਸਾ ਖੇਲ ਜਗਤ ਹੈ ਜਾਤਾ॥
ਸਭ ਦੇ ਚੰਗੇ ਮੰਦੇ ਕਰਮ, ਵੇਖ ਰਿਹਾ ਹੈ ਧਰਮੁ ਹਦੂਰਿ॥
ਆਪਣੈ ਆਪਣੇ ਕਰਮਾਂ ਕਰਕੇ, ਕੋਈ ਰੱਬ ਨੇੜੇ ਕੋਈ ਦੂਰ॥
ਜਿਨ੍ਹਾਂ ਸੁਰਤਿ ਨਾਮ ਵਿਚ ਜੋੜੀ,
ਪ੍ਰੀਤ ਪ੍ਰਭੂ ਵਿਚ ਜੁੜ ਗਿਆ ਧਿਆਨ॥
ਉਹ ਤਾਂ ਮਿਹਨਤ ਪੂਰੀ ਕਰ ਗਏ,
ਆਵਾ ਗਵਣ ਉਹ ਕਟ ਗਏ ਜਾਣ॥
ਨਾਨਕ ਮੁਖ ਉਹਨਾਂ ਦੇ ਉਜਲੇ,
ਦਰਗਹਿ ਸਚੀ ਪਾਉਂਦੇ ਮਾਨ॥
ਕਈ ਹੋਰ ਉਹਨਾਂ ਨਾਲ ਛੁਟਦੇ,
ਮੰਨਿ ਉਹਨਾਂ ਦਾ ਦਸਿਆ ਗਿਆਨ॥
ਉਹ ਕਹਿੰਦੇ ਨੇ ਨਾਮੁ ਜਪਣ ਲਈ,
ਸਿਮਰੋ ਨਾਮੁ ਧਿਆਵੋ ਨਾਮੁ॥
ਨਾਮ ਹੀ ਤੇਰੇ ਨਾਲ ਨਿਭੇਗਾ,
ਹੋਰ ਕਰਮ ਨਹੀਂ ਆਉਣੇ ਕਾਮ॥1॥

ਗੁਰਸਿੱਖ ਸੰਗਤਿ ਵਲੋਂ ਨਾਮ ਅਭਿਆਸ ਕਰਨ ਲਈ ਸਮਾਗਮ ਦਿਲੀ ਤੇ ਪੰਜਾਬ ਵਿੱਚ ਕੀਤੇ ਜਾਂਦੇ ਹਨ।
ਅਗਰ ਆਪ ਜੀ ਨੂੰ ਨਾਮ ਜਪਣ ਦੀ ਰੀਝ ਹੋਵੇ ਤਾਂ ਦਾਸ ਨਾਲ ਸੰਪਰਕ ਕਰਨਾ ਜੀ।

# ਸੂਚਨਾ

ਇਹ ਸਟੀਕ ਗੁਰਮੱਤਿ ਦੇ ਪ੍ਰਚਾਰ ਵਾਸਤੇ ਸੰਗਤਾਂ ਨੂੰ ਮੁਫਤ ਭੇਟਾ ਕਰਨ ਲਈ ਲਿਖੀ ਗਈ ਹੈ। ਕੋਈ ਵੀ ਵਿਅਕਤੀ, ਸੰਸਥਾ, ਸੁਸਾਇਟੀ, ਟਰਸਟ, ਸਭਾ, ਗੁਰਦੁਆਰਾ ਆਦਿ ਇਹ ਸਟੀਕ ਛਪਵਾ ਕੇ ਸੰਗਤਾਂ ਨੂੰ ਮੁਫਤ ਭੇਟਾ ਕਰਨਾ ਚਾਹੁਣ ਤਾਂ ਦਾਸ ਨੂੰ ਕੋਈ ਇਤਰਾਜ਼ ਨਹੀਂ ਹੈ। ਸਗੋਂ ਐਸਾ ਕਰਨ ਵਾਲਿਆਂ ਦਾ ਦਾਸ ਧੰਨਵਾਦੀ ਹੋਵੇਗਾ। ਕਿਸੇ ਨੂੰ ਵੀ ਇਹ ਸਟੀਕ ਮੁਲ ਵੇਚਣ ਦੀ ਆਗਿਆ ਨਹੀਂ ਹੈ ਜੀ।

ਅਗਰ ਆਪ ਜੀ ਇਹ ਸਟੀਕ ਖੁਦ ਛਪਵਾ ਕੇ ਸੰਗਤਿ ਵਿਚ ਨਾ ਵੰਡ ਸਕੋ, ਪਰ ਇਸ ਕੰਮ ਵਿੱਚ ਸਹਿਯੋਗ ਦੇਣਾ ਚਾਹੋ, ਤਾਂ ਆਪ ਨੇ ਸ੍ਵੈ ਇਛਾ ਅਨੁਸਾਰ ਮਾਇਆ ਹੇਠ ਲਿਖੇ ਪਤੇ ਤੇ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ। ਤੁਸੀਂ ਮਾਇਆ ਸਿਧੀ ਮੇਰੇ ਅਕਾਊਂਟ ਨੰਬਰ DCSB-000010364, ਕੇਨਰਾ ਬੈਂਕ, ਸੈਕਟਰ ਨੰਬਰ-35, ਚੰਡੀਗੜ (ਭਾਰਤ) ਵਿਚ Electronically ਵੀ ਭੇਜ ਸਕਦੇ ਹੋ ਜੀ।

ਸਤਿਗੁਰ ਸੇਵਕ
**ਬਲਜੀਤ ਸਿੰਘ**
ਆਈ. ਪੀ. ਐਸ. (ਰਿਟਾ.)
ੴ ਸਤਿਸੰਗ,
1119, ਫੇਜ਼-1, ਅਰਬਨ ਅਸਟੇਟ, ਜਲੰਧਰ-144022
E-mail :- ikoankarsatsang@rediffmail.com
Website :- www.ikoankarsatsang.com
Phone :- 98152-79600